ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ
ਦਾ ਡਿਜੀਟਲ ਅਖ਼ਬਾਰ

# ਖੇਤੀ ਸੰਦੇਸ਼




31 ਜੁਲਾਈ, 2024
ਅੰਕ : 361

ਸੰਪਾਦਕ: ਡਾ ਕੁਲਵਿੰਦਰ ਕੌਰ ਗਿੱਲ
ਸਹਿ ਸੰਪਾਦਕ: ਡਾ ਇੰਦਰਪ੍ਰੀਤ ਕੌਰ ਬੋਪਾਰਾਏ


## 21 ਦਿਨਾਂ ਦਾ ਸਰਟੀਫਿਕੇਟ ਕੋਰਸ

ਜੈਵਿਕ ਅਤੇ ਕੁਦਰਤੀ ਖੇਤੀ ਲਈ ਖੇਤਰੀ ਕੇਂਦਰ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਭਾਰਤ ਸਰਕਾਰ ਵੱਲੋਂ ਪੀ.ਏ.ਯੂ, ਲੁਧਿਆਣਾ ਦੇ ਸਹਿਯੋਗ ਨਾਲ **29 ਅਗਸਤ ਤੋਂ 28 ਸਤੰਬਰ, 2024** ਤੱਕ ਸਕੂਲ ਆਫ਼ ਆਰਗੈਨਿਕ ਫਾਰਮਿੰਗ, ਪੀ.ਏ.ਯੂ ਲੁਧਿਆਣਾ ਵਿਖੇ ਆਰਗੈਨਿਕ ਫਾਰਮਿੰਗ ਅਤੇ ਸਰਟੀ-ਫਿਕੇਸ਼ਨ ਬਾਰੇ 21 ਦਿਨਾਂ ਦਾ ਸਰਟੀਫਿਕੇਟ ਕੋਰਸ ਕਰਵਾਇਆ ਜਾ ਰਿਹਾ ਹੈ। ਇਹ ਸਰਟੀਫਿਕੇਸ਼ਨ ਕੋਰਸ ਜੈਵਿਕ ਖੇਤੀ ਵਿੱਚ ਨਵੀਨਤਮ ਤਕਨੀਕਾਂ ਅਤੇ ਪੀਜੀਐਸ ਇੰਡੀਆ ਦੇ ਤਹਿਤ ਪ੍ਰਮਾਣੀਕਰਣ ਅਤੇ ਜੈਵਿਕ ਉਤਪਾਦਾਂ ਵਿੱਚ ਮਾਰਕੀਟਿੰਗ ਰਣਨੀਤੀਆਂ ‘ਤੇ ਕੇਂਦ੍ਰਿਤ ਹੈ।

ਇਸ ਕੋਰਸ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਪੱਤਰ ਸਕੂਲ ਆਫ ਆਰਗੈਨਿਕ ਫਾਰਮਿੰਗ ਪੀ.ਏ.ਯੂ, ਲੁਧਿਆਣਾ ਵਿੱਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

**ਬੇਨਤੀ ਪੱਤਰ ਜਮਾਂ ਕਰਨ ਦੀ ਆਖਰੀ ਮਿਤੀ-27-08-2024**
**ਬੇਨਤੀ ਪੱਤਰ ਜਮਾਂ ਕਰਨਾ-ਸਕੂਲ ਆਫ ਆਰਗੈਨਿਕ ਫਾਰਮਿੰਗ, ਪੀ.ਏ.ਯੂ, ਲੁਧਿਆਣਾ**

**ਉਮਰ-ਕੋਈ ਸੀਮਾ ਨਹੀ**
**ਵਿਦਿਅਕ ਯੋਗਤਾ-10+2 ਪਾਸ**
**ਰਹਿਣ ਅਤੇ ਖਾਣ ਦਾ ਪ੍ਰੰਬਧ ਪੀ.ਏ.ਯੂ, ਲੁਧਿਆਣਾ ਵੱਲੋਂ ਕੀਤਾ ਜਾਵੇਗਾ**

# ਨਰਮੇ ਦੀ ਫ਼ਸਲ ਵਿੱਚ ਹਰੇ ਤੇਲੇ ਦੀ ਰੋਕਥਾਮ

**ਹਮਲੇ ਦਾ ਸਮਾਂ**: ਇਹ ਕੀੜੇ ਜੁਲਾਈ ਤੋਂ ਸਤੰਬਰ ਦੇ ਮਹੀਨੇ ਬੀ ਟੀ ਨਰਮੇ ਦਾ ਬਹੁਤ ਨੁਕਸਾਨ ਕਰਦੇ ਹਨ।

**ਨੁਕਸਾਨ**: ਮਾਦਾ ਤੇਲਾ ਪੱਤਿਆਂ ਦੀ ਵਿਚਕਾਰਲੀ ਨਾੜੀ ਦੇ ਵਿੱਚ ਆਂਡੇ ਦਿੰਦੀ ਹੈ। ਜਦੋਂ ਇਨ੍ਹਾਂ ਆਂਡਿਆਂ ਵਿੱਚੋਂ ਬੱਚੇ ਨਿਕਲ ਆਉਂਦੇ ਹਨ ਤਾਂ ਬੱਚੇ ਅਤੇ ਬਾਲਗ ਨਰਮੇ ਦੇ ਪੱਤਿਆਂ ਦੇ ਹੇਠਲੇ ਪਾਸੇ ਤੋਂ ਰਸ ਚੂਸਦੇ ਹਨ। ਨਤੀਜੇ ਵਜੋਂ ਪੱਤੇ ਕਿਨਾਰਿਆਂ ਤੋਂ ਪੀਲੇ ਪੈ ਜਾਂਦੇ ਹਨ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ ਹਮਲੇ ਦੌਰਾਨ ਪੱਤੇ ਝੜ ਜਾਂਦੇ ਹਨ।

**ਆਰਥਿਕ ਕਗਾਰ**: ਤੇਲੇ ਨੂੰ ਮਾਰਨ ਲਈ ਛਿੜਕਾਅ ਉਸ ਵਕਤ ਕਰੋ ਜਦੋਂ 50 ਪ੍ਰਤੀਸ਼ਤ ਬੂਟਿਆਂ ਵਿੱਚ ਪੂਰੇ ਬਣ ਚੁੱਕੇ ਪੱਤੇ ਕਿਨਾਰਿਆਂ ਤੋਂ ਪੀਲੇ ਪੈ ਜਾਣ।

**ਹੇਠ ਦਿੱਤੇ ਕੀਟਨਾਸ਼ਕਾਂ ਦੀ ਵਰਤੋਂ ਕਰਕੇ ਇਸ ਕੀੜੇ ਦੀ ਸਫ਼ਲਤਾਪੂਰਵਕ ਰੋਕਥਾਮ ਕੀਤੀ ਜਾ ਸਕਦੀ ਹੈ।**

| ਖੜ੍ਹੀ ਫ਼ਸਲ ਤੇ ਤੇਲੇ ਦੇ ਰੋਕਥਾਮ ਲਈ ਕੀਟਨਾਸ਼ਕ | |
|---|---|
| ਮਾਰਕਾ (ਕੀਟਨਾਸ਼ਕ) | ਮਾਤਰਾ ਪ੍ਰਤੀ ਏਕੜ |
| ਕੀਫਨ 15 ਈ ਸੀ (ਟੋਲਫੈਨਪਾਇਰੈਡ) | 300 ਮਿਲੀਲਿਟਰ |
| ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) | 60 ਗ੍ਰਾਮ |
| ਨਿਓਨ 5 ਈ ਸੀ (ਫੈਨਪਾਇਰੋਕਸੀਮੇਟ) | 300 ਮਿਲੀਲਿਟਰ |
| ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) | 80 ਗ੍ਰਾਮ |
| ਐਕਟਾਰਾ/ਐਕਸਟਰਾ ਸੁਪਰ/ਦੋਤਾਰਾ/ਥੋਮਸਨ 25 ਡਬਲਯੂ ਜੀ (ਥਾਇਆਮੀਥਾਕਸਮ) | 40 ਗ੍ਰਾਮ |



ਨਿੰਫ ਜਾਂ ਤੇਲੇ ਦਾ ਬੱਚਾ



ਬਾਲਗ ਤੇਲਾ



ਪੱਤਿਆਂ ਉੱਤੇ ਤੇਲੇ ਦਾ ਨੁਕਸਾਨ

ਵਿਜੈ ਕੁਮਾਰ, ਅਮਨਦੀਪ ਕੌਰ ਅਤੇ ਇੰਦਰਪ੍ਰੀਤ ਕੌਰ ਬੋਪਾਰਾਏ
ਮੋਬਾਇਲ: 97794-51214

# ਪੀ. ਏ. ਯੂ. ਪ੍ਰੋਟੈਕਸ਼ਨ ਕਿੱਟ ਨਾਲ ਸਟੋਰ ਕੀਤੀਆਂ ਦਾਲਾਂ ਨੂੰ ਕੀੜੀਆਂ ਤੋਂ ਬਚਾਓ

- ਦਾਲਾਂ ਨੂੰ ਕੀੜਿਆਂ ਵੱਲੋਂ ਜਿਆਦਾ ਨੁਕਸਾਨ ਮਈ-ਅਕਤੂਬਰ ਮਹੀਨੇ ਵਿੱਚ ਹੁੰਦਾ ਹੈ, ਕਿਉਂਕਿ ਇਹਨਾਂ ਮਹੀਨਿਆਂ ਦਾ ਤਾਪਮਾਨ ਕੀੜਿਆਂ ਦੇ ਵਧਣ ਫੁੱਲਣ ਲਈ ਢੁੱਕਵਾਂ ਹੁੰਦਾ ਹੈ।
- ਪੈਕਟਾਂ ਵਿੱਚ ਜਾਂ ਘਰੇਲੂ ਪੱਧਰ ਤੇ ਸਟੋਰ ਕੀਤੀਆਂ ਦਾਲਾਂ ਨੂੰ ਕੀੜੀਆਂ ਤੋਂ ਬਚਾਉਣਾ ਬਹੁਤ ਹੀ ਮੁਸ਼ਕਿਲ ਕੰਮ ਹੈ।
- ਇਹਨਾਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਵਿਗਿਆਨੀਆਂ ਵੱਲੋਂ ਪੈਕਟਾਂ ਵਿੱਚ, ਘਰੇਲੂ ਡੱਬਿਆਂ ਵਿੱਚ ਜਾਂ 30 ਕਿੱਲੋ ਤੱਕ ਵਰਤੇ ਜਾਣ ਵਾਲੇ ਡਰੰਮਾਂ ਵਿੱਚ ਪਈਆਂ ਦਾਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਇੱਕ ਨਵੀਂ ਵਾਤਾਵਰਣ ਸਹਾਇਕ ਤਕਨੀਕ ਇਜ਼ਾਦ ਕੀਤੀ ਗਈ ਹੈ, ਜਿਸ ਨੂੰ "ਪੀ. ਏ. ਯੂ. ਪ੍ਰੋਟੇਕਸ਼ਨ ਕਿੱਟ ਫਾਰ ਸਟੋਰਡ ਪਲਸਿਸ" ਦਾ ਨਾਮ ਦਿੱਤਾ ਗਿਆ ਹੈ।
- ਇਸ ਕਿੱਟ ਵਿੱਚ ਦਿੱਤਾ ਗਿਆ ਆਰਗੈਨਿਕ ਸਲੂਸ਼ਨ, ਬਹੁਤ ਹੀ ਅਸਾਨੀ ਨਾਲ ਕੀੜਿਆਂ ਨੂੰ ਮਾਰਨ ਦੀ ਸਮੱਰਥਾ ਰੱਖਦਾ ਹੈ।

**ਪੀ. ਏ. ਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ ਦੀ ਵਰਤੋਂ ਕਿਵੇਂ ਕਰੀਏ**: ਇਸ ਕਿਟ ਦੀ ਵਰਤੋਂ ਦੀ ਵਿਸਥਾਰਪੂਰਵਕ ਜਾਣਕਾਰੀ ਚਿੱਤਰ ਨੰ: 1 ਵਿੱਚ ਦਿੱਤੀ ਗਈ ਹੈ।




ਚਿੱਤਰ ਨੰ: 1 ਪੀ. ਏ. ਯੂ. ਪ੍ਰੋਟੈਕਸ਼ਨ ਕਿੱਟ ਦੀ ਵਰਤੋਂ ਦਾ ਤਰੀਕਾ ਪੈਕਟਾਂ ਅਤੇ ਘਰੇਲੂ ਡੱਬਿਆਂ ਵਿੱਚ

**ਕਿੱਟ ਵਿੱਚ ਦਿੱਤੇ ਆਰਗੈਨਿਕ ਸਲੂਸ਼ਨ ਦੀ ਸਿਫਾਰਸ਼ ਸ਼ੁਦਾ ਮਾਤਰਾ**

| ਸ਼ਟੋਰੇਜ ਯੂਨਿਟ ਦੀ ਸਮਰੱਥਾ | ਆਰਗੈਨਿਕ ਸਲੂਸ਼ਨ ਦੀ ਮਾਤਰਾ |
|---|---|
| ਅੱਧਾ ਕਿੱਲੋ | 3 ਤੁਪਕੇ |
| ਇੱਕ ਕਿੱਲੋ | 6 ਤੁਪਕੇ |

- ਜੇਕਰ ਇਸ ਕਿੱਟ ਨੂੰ 30 ਕਿੱਲੋ ਤੱਕ ਦੇ ਡਰੰਮਾਂ ਵਿੱਚ ਸਟੋਰ ਕੀਤੀਆਂ ਦਾਲਾਂ ਵਿੱਚ ਸਿੱਧਾ ਵਰਤਣਾ ਹੋਵੇ ਤਾਂ ਉਸ ਵਾਸਤੇ ਵੀ ਯੂਨੀਵਰਸਿਟੀ ਵੱਲੋਂ ਪਰਫੋਰੇਟਿੱਡ ਫੀਊਮ ਡਿਸਪੈਂਸਰ ਤਿਆਰ ਕਿੱਤਾ ਗਿਆ ਹੈ।

**ਪੀ. ਏ. ਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ ਦੇ ਸੰਭਾਵਿਤ ਫਾਈਦੇ**

*ਵਰਤੋਂ ਵਿੱਚ ਬਹੁਤ ਹੀ ਅਸਾਨ *ਘੱਟ ਲਾਗਤ ਵਾਲੀ *ਵਾਤਾਵਰਣ ਅਤੇ ਮਨੁਖ ਲਈ ਸੁੱਰਖਿਅਤ *ਰਸਾਇਣ ਮੁਕਤ *ਦਾਲਾਂ ਦੀ ਗੁਣਵੱਤਾ ਨੂੰ ਵਰਕਰਾਰ ਰੱਖਦੇ ਹੋਏ

**ਪੀ. ਏ. ਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ ਦੀ ਵਰਤੋਂ ਲਈ ਸਾਵਧਾਨੀਆਂ**


- 6-12 ਮਹੀਨੇ ਦੀ ਸਟੋਰੇਜ ਵੇਲੇ ਦਾਲਾਂ ਵਿੱਚ ਨਮੀਂ ਦੀ ਮਾਤਰਾ 10% ਹੋਣੀ ਚਾਹੀਦੀ ਹੈ
- ਪੈਕਟਾਂ ਵਿੱਚ ਕਿਸੇ ਵੀ ਤਰੀਕੇ ਮੋਰੀ ਨਹੀਂ ਕਰਨੀ ਤਾਂ ਕਿ ਉਹਨਾਂ ਨੂੰ ਹਵਾ ਬੰਦ ਰੱਖਿਆ ਜਾ ਸਕੇ
- ਸਟੋਰੇਜ ਯੂਨਿਟ ਦੀ ਸਮਰੱਥਾ ਦੇ ਹਿਸਾਬ ਨਾਲ, ਸਲੂਸ਼ਨ ਦੀ ਮਾਤਰਾ ਵਧਾਈ ਘਟਾਈ ਜਾ ਸਕਦੀ ਹੈ
- ਜਦੋਂ ਵੀ ਲੋੜ ਲੱਗੇ ਇਸ ਦੀ ਵਰਤੋਂ ਦੁਬਾਰਾ ਕਰੋ
- ਸਲੂਸ਼ਨ ਨੂੰ ਇੱਕ ਸਾਲ ਤੱਕ ਵਰਤਿਆ ਜਾ ਸਕਦਾ ਹੈ

**ਪੀ. ਏ. ਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ ਕਿੱਥੋਂ ਮਿਲਦੀ ਹੈ**

- ਇਹ ਕਿੱਟ ਕਮਰਾ ਨੰ. 11 ਪ੍ਰੋਸੈਸਿੰਗ ਅਤੇ ਫੂਡ ਇੰਜੀਰਿੰਗ ਵਿਭਾਗ, ਪੀ.ਏ.ਯੂ., ਲੁਧਿਆਣਾ ਵਿੱਚ ਉਪਲਭਦ ਹੈ।ਇੱਕ ਕਿੱਟ ਦਾ ਮੁੱਲ 100/200ਰੁਪਏ ਹੈ,ਜਿਸ ਨਾਲ ਅੱਥਾ ਕਿੱਲੋ ਦਾਲ ਦੇ 20/40 ਪੈਕਟ ਨੂੰ ਕੀੜਿਆਂ ਤੋਂ ਬਚਾਇਆ ਜਾ ਸਕਦਾ ਹੈ। ਡਰੰਮਾਂ ਵਿੱਚ ਵਰਤੀ ਜਾਣ ਵਾਲੀ ਕਿੱਟ ਦੀ ਕੀਮਤ 380 ਰੁਪਏ ਹੈ।


**ਮਨਪ੍ਰੀਤ ਕੌਰ ਸੈਣੀ, ਐਮ ਐਸ ਆਲਮ ਅਤੇ ਅੰਜਲੀ ਸਿੱਧੂ, ਪ੍ਰੋਸੈਸਿੰਗ ਅਤੇ ਫੂਡ ਇੰਜੀਨਿਅਰਿੰਗ ਵਿਭਾਗ**
ਮੋਬਾਇਲ: 94631-50838

# ਨਿੰਬੂ-ਜਾਤੀ ਦੇ ਬੂਟਿਆਂ ਵਿੱਚ ਗੂੰਦੀਆ ਰੋਗ ਦੀ ਸੁਚੱਜੀ ਰੋਕਥਾਮ



ਇਹ ਬਿਮਾਰੀ ਹੁਸ਼ਿਆਰਪੁਰ, ਫਰੀਦਕੋਟ, ਫਾਜ਼ਿਲਕਾ, ਬਠਿੰਡਾ ਅਤੇ ਸ੍ਰੀ ਮੁਕਤਸਰ ਜਿਲ੍ਹਿਆਂ ਵਿੱਚ ਕਿਨੂੰ ਦੇ ਬਾਗਾਂ ਤੇ ਆਮ ਵੇਖਣ ਨੂੰ ਮਿਲਦੀ ਹੈ।ਭਾਰੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ (ਜਿੱਥੇ ਪਾਣੀ ਦੀ ਸਤਹਿ ਨੇੜੇ ਹੋਵੇ) ਵਿੱਚ ਇਹ ਬਿਮਾਰੀ ਜ਼ਿਆਦਾ ਨੁਕਸਾਨ ਕਰਦੀ ਹੈ।ਪਾਣੀ ਦਾ ਖੁੱਲ੍ਹਾ ਲਗਾਉਣਾ ਜਾਂ ਗੋਡੀ ਕਰਦੇ ਸਮੇਂ ਮੁੱਢ ਅਤੇ ਜੜ੍ਹਾਂ ਤੇ ਜ਼ਖਮਾਂ ਦਾ ਹੋਣਾ ਜਾਂ ਬੂਟੇ ਦੇ ਤਣੇ ਦੇ ਨੇੜੇ ਰੂੜੀ ਦੇ ਢੇਰ ਲਗਾਉਣਾ ਆਦਿ, ਅਜਿਹੀਆਂ ਹਾਲਤਾਂ ਇਸ ਬਿਮਾਰੀ ਦੇ ਵਾਧੇ ਲਈ ਅਨੁਕੂਲ ਹੁੰਦੀਆਂ ਹਨ।ਇਸ ਉੱਲੀ ਦੇ ਕਣ ਜ਼ਮੀਨ ਵਿੱਚ ਪਾਏ ਜਾਂਦੇ ਹਨ, ਜਿਸ ਕਾਰਨ ਇਹ ਉੱਲੀ ਜ਼ਮੀਨ ਦੇ ਅੰਦਰ-ਅੰਦਰ ਹੀ ਖ਼ੁਰਾਕੀ ਜੜ੍ਹਾਂ ਨੂੰ ਖ਼ਤਮ ਕਰ ਦਿੰਦੀ ਹੈ।ਇਸ ਛਿਪੇ ਹੋਏ ਹਮਲੇ ਨਾਲ ਕਿਨੂੰ ਦੇ ਬਾਗ ਸਮੇਂ ਤੋਂ ਪਹਿਲਾਂ ਹੀ ਮਰ ਜਾਂਦੇ ਹਨ ਅਤੇ ਝਾੜ ਤੇ ਮਾੜਾ ਅਸਰ ਪੈਂਦਾ ਹੈ।ਇਸ ਬਿਮਾਰੀ ਨਾਲ ਨਰਸਰੀ ਵਿੱਚ ਪਨੀਰੀ ਮੁਰਝਾ ਜਾਂਦੀ ਹੈ ਅਤੇ ਤਣਾ ਤੇ ਜੜ੍ਹਾਂ ਗਲ ਜਾਂਦੇ ਹਨ।ਬਾਗ ਵਿੱਚ ਬੂਟਿਆਂ ਦੇ ਪੈਰ ਦਾ ਗਾਲਾ, ਗੂੰਦ ਨਿਕਲਣਾ, ਖ਼ੁਰਾਕੀ ਜੜ੍ਹਾਂ ਦਾ ਗਾਲਾ, ਪੱਤਿਆਂ ਦਾ ਝੜਣਾ ਅਤੇ ਫ਼ਲ ਦਾ ਗਾਲਾ ਆਦਿ ਲੱਛਣ ਨਜ਼ਰ ਆਉਂਦੇ ਹਨ।ਤਣੇ ਦੇ ਪਿਉਂਦ ਵਾਲੇ ਹਿੱਸੇ ਨੇੜਿਉਂ ਗੂੰਦ ਨਿਕਲਣਾ ਇਸ ਬਿਮਾਰੀ ਦੀ ਪਹਿਲੀ ਨਿਸ਼ਾਨੀ ਹੈ।ਜਿਵੇਂ-ਜਿਵੇਂ ਜ਼ਖ਼ਮ ਵੱਡੇ ਹੁੰਦੇ ਹਨ, ਛਿੱਲ ਵਿੱਚ ਲੰਬੇ ਰੁੱਖ਼ ਤਰੇੜਾਂ ਪੈ ਜਾਂਦੀਆਂ ਹਨ।ਪੱਤੇ ਪੀਲੇ ਪੈ ਜਾਂਦੇ ਹਨ ਅਤੇ ਉੱਲੀ ਤਣੇ ਦੇ ਚਾਰੇ ਪਾਸੇ ਘੁੰਮ ਜਾਂਦੀ ਹੈ, ਜਿਸ ਕਾਰਨ ਬੂਟੇ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਬੂਟਾ ਮਰਨਾ ਸ਼ੁਰੂ ਹੋ ਜਾਂਦਾ ਹੈ। ਇਸ ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ ਨੂੰ ਬਹੁਤ ਫ਼ੁੱਲ ਆਉਂਦੇ ਹਨ, ਜੋ ਫ਼ਲ ਦੇ ਬਣਨ ਤੋਂ ਪਹਿਲਾਂ ਹੀ ਡਿੱਗ ਜਾਂਦੇ ਹਨ ਤੇ ਬੂਟੇ ਫ਼ਲ ਦੇ ਪੱਕਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

## ਰੋਕਥਾਮ

**ਸਾਵਧਾਨੀਆਂ**: ਇਸ ਬਿਮਾਰੀ ਤੋਂ ਬਚਣ ਲਈ ਸਭ ਤੋਂ ਵਧੀਆ ਗੱਲ ਹੈ ਇਲਾਜ ਨਾਲੋਂ ਪਰਹੇਜ਼ ਚੰਗਾ। ਬਾਗ ਲਗਾਉਣ ਲਈ ਬੂਟੇ ਰੋਗ ਰਹਿਤ ਨਰਸਰੀ ਤੋਂ ਲਉ।ਬੂਟੇ ਲਗਾਉਣ ਸਮੇਂ ਉਸਦੀ ਪਿਉਂਦੀ ਅੱਖ ਨੂੰ ਜ਼ਮੀਨ ਤੋਂ 9 ਇੰਚ ਉੱਚਾ ਰੱਖੋ।ਖੁੱਲ੍ਹਾ ਪਾਣੀ ਲਗਾਉਣ ਤੋਂ ਗੁਰੇਜ਼ ਕਰੋ। ਪਾਣੀ ਦੇ ਨਿਕਾਸ ਦਾ ਚੰਗਾ ਪ੍ਰਬੰਧ ਕਰੋ।ਸਿੰਚਾਈ ਸਮੇਂ ਰੋਗੀ ਬੂਟੇ ਨੂੰ ਵੱਟਾ ਬਣਾ ਕੇ ਪਾਣੀ ਦੇਣਾ ਜ਼ਿਆਦਾ ਲਾਹੇਵੰਦ ਹੁੰਦਾ ਹੈ ਕਿਉਂਕਿ ਪਾਣੀ ਰਾਹੀ ਬਿਮਾਰੀ ਇਸ ਤੋਂ ਅੱਗੇ ਨਾ ਫ਼ੈਲ ਸਕੇ।ਬੂਟੇ ਦੇ ਘੇਰੇ ਨੂੰ ਸਾਫ਼ ਰੱਖੋ।ਬਾਗ ਵਿੱਚ ਕੰਮ-ਕਾਰ ਕਰਦੇ ਸਮੇਂ ਤਣੇ ਤੇ ਜੜ੍ਹਾਂ ਨੂੰ ਜ਼ਖ਼ਮੀ ਹੋਣ ਤੋਂ ਬਚਾਉ।ਤਣੇ ਦੇ ਆਲੇ-ਦੁਆਲੇ ਮਿੱਟੀ ਨਾ ਚੜ੍ਹਾਉ। ਜੇ ਬੂਟੇ ਦਾ ਤਣਾ ਅੱਧ ਨਾਲੋਂ ਜ਼ਿਆਦਾ ਗਲ ਗਿਆ ਹੋਵੇ ਤਾਂ ਬੂਟੇ ਨੂੰ ਪੁੱਟਣ ਵਿੱਚ ਹੀ ਫਾਇਦਾ ਹੈ।

**ਇਲਾਜ**: ਬੂਟੇ ਦਾ ਇਲਾਜ ਕਰਨ ਲਈ ਇਹ ਜ਼ਰੂਰੀ ਹੈ ਕਿ ਬਿਮਾਰੀ ਵਾਲੇ ਹਿੱਸੇ ਨਾਲ ਥੋੜ੍ਹਾ ਜਿਹਾ ਤੰਦਰੁਸਤ ਹਿੱਸਾ ਵੀ ਖ਼ੁਰਚ ਦਿਉ।ਜ਼ਖ਼ਮ ਨੂੰ ਕਿਰਮ ਰਹਿਤ ਘੋਲ ਨਾਲ ਸਾਫ਼ ਕਰੋ। ਉਤਾਰੀ ਹੋਈ ਰੋਗੀ ਛਿੱਲ ਨੂੰ ਇਕੱਠਾ ਕਰਕੇ ਨਸ਼ਟ ਕਰ ਦਿਉ ਤਾਂ ਜੋ ਉੱਲੀ ਜ਼ਮੀਨ ਵਿੱਚ ਫ਼ੈਲ ਨਾ ਸਕੇ।ਸਾਫ਼ ਕੀਤੇ ਜ਼ਖ਼ਮਾਂ ਤੇ 2 ਗ੍ਰਾਮ ਕਰਜ਼ੇਟ ਐਮ -8 ਨੂੰ 100 ਮਿਲੀਲਿਟਰ ਅਲਸੀ ਦੇ ਤੇਲ ਵਿੱਚ ਘੋਲ ਕੇ ਸਾਲ ਵਿੱਚ ਦੋ ਵਾਰ (ਫ਼ਰਵਰੀ-ਮਾਰਚ ਅਤੇ ਜੁਲਾਈ-ਅਗਸਤ) ਜ਼ਖ਼ਮਾਂ ਤੇ ਮਲ ਦਿਉ।ਬਾਅਦ ਵਿੱਚ 25 ਗ੍ਰਾਮ ਇਸੇ ਦਵਾਈ ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਤਣੇ ਦੇ ਚਾਰ ਚੁਫ਼ੇਰੇ ਵਾਲੀ ਮਿੱਟੀ ਨੂੰ ਚੰਗੀ ਤਰ੍ਹਾਂ ਗੜੁੱਚ ਕਰ ਦਿਉ।ਇਸ ਤੋਂ ਇਲਾਵਾ ਬੂਟਿਆਂ ਦੀਆਂ ਮੁੱਢਾਂ ਅਤੇ ਛਤਰੀ ਹੇਠ ਸੋਡੀਹਾਈਪੋਕਲੋਰਾਈਟ 5% (50 ਮਿ.ਲਿ. 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟੇ) ਦੇ ਦੋ ਛਿੜਕਾਅ (ਫਰਵਰੀ-ਮਾਰਚ ਅਤੇ ਜੁਲਾਈ-ਅਗਸਤ) ਅਤੇ ਇੱਕ ਹਫਤੇ ਬਾਅਦ 100 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ (ਸਟਰੈਨ ਟੀ 20) 2.5 ਕਿੱਲੋ ਰੂੜੀ ਦੀ ਖਾਦ ਵਿੱਚ ਮਿਲਾ ਕੇ ਫਰਵਰੀ-ਮਾਰਚ ਅਤੇ ਜੁਲਾਈ -ਅਗਸਤ ਵਿੱਚ ਬੂਟਿਆਂ ਦੀਆਂ ਮੁੱਢਾਂ ਵਿੱਚ ਪਾਉਣ ਨਾਲ ਇਸ ਬਿਮਾਰੀ ਦੀ ਸੁਚੱਜੀ ਰੋਕਥਾਮ ਕੀਤੀ ਜਾ ਸਕਦੀ ਹੈ।


**ਅਮਰਿੰਦਰ ਕੌਰ, ਅਨੀਤਾ ਅਰੋੜਾ ਅਤੇ ਅਮਰਜੀਤ ਸਿੰਘ ਪੌਦਾ ਰੋਗ ਵਿਭਾਗ**
**ਮੋਬਾਇਲ:95179-00030**

# ਕੀਟਨਾਸ਼ਕਾਂ ਦੀ ਸੁਚੱਜੀ ਵਰਤੋਂ ਲਈ ਆਰਥਿਕ ਕਗਾਰ (ਈ. ਟੀ. ਐਲ.) ਅਪਣਾਓ

| ਫ਼ਸਲ | ਕੀੜਾ | ਨੁਕਸਾਨ ਦੇ ਲ਼ੱਛਣ | ਆਰਥਿਕ ਕਗਾਰ (ਇਕਨਾਮਿਕ ਥਰੈਸ਼ਹੋਲਡ ਲੈਵਲ) |
|---|---|---|---|
| ਝੋਨਾ/ ਬਾਸਮਤੀ | ਤਣੇ ਦੇ ਗੜੂੰਏਂ | ਸੁੰਡੀਆਂ ਤਣੇ ਵਿੱਚ ਵੜਨ ਨਾਲ ਬੂਟੇ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ, ਮੁੰਜਰਾਂ ਵਿੱਚ ਦਾਣੇ ਨਹੀਂ ਪੈਂਦੇ ਅਤੇ ਮੁੰਜਰਾਂ ਚਿੱਟੇ ਰੰਗ ਦੀਆਂ ਹੋ ਜਾਂਦੀਆਂ ਹਨ | ਝੋਨੇ ਵਿੱਚ 5 ਪ੍ਰਤੀਸ਼ਤ ਤੋਂ ਵਧੇਰੇ ਸੁੱਕੀਆਂ ਗੋਭਾਂ ਹੋਣ |
| | ਪੱਤਾ ਲਪੇਟ ਸੁੰਡੀ | ਇਸਦੀ ਸੁੰਡੀ ਪੱਤੇ ਨੂੰ ਲਪੇਟ ਲੈਂਦੀ ਹੈ ਅਤੇ ਅੰਦਰੋ-ਅੰਦਰ ਹਰਾ ਮਾਦਾ ਖਾਂਦੀ ਹੈ, ਜਿਸ ਨਾਲ ਪੱਤਿਆਂ ਉਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ | 10 ਪ੍ਰਤੀਸ਼ਤ ਤੋਂ ਵਧੇਰੇ ਪੱਤਿਆਂ ਦਾ ਨੁਕਸਾਨ ਹੋਵੇ |
| | ਬੂਟਿਆਂ ਦੇ ਟਿੱਡੇ | ਬੱਚੇ ਅਤੇ ਬਾਲਗ ਟਿੱਡੇ ਬੂਟੇ ਦਾ ਰਸ ਚੂਸਦੇ ਹਨ ਜਿਸ ਨਾਲ ਫ਼ਸਲ ਧੌੜੀਆਂ ਵਿੱਚ ਸੁੱਕ ਜਾਂਦੀ ਹੈ। | 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ ਹੋਣ |
| ਨਰਮਾ | ਤੇਲਾ | ਬੱਚੇ ਅਤੇ ਬਾਲਗ ਪੱਤਿਆਂ ਵਿੱਚੋਂ ਰਸ ਚੂਸਦੇ ਹਨ, ਜਿਸ ਕਾਰਨ ਪੱਤੇ ਕਿਨਾਰਿਆਂ ਤੋਂ ਪੀਲੇ ਪੈਣੇ ਸ਼ੁਰੂ ਹੋ ਜਾਂਦੇ ਹਨ। ਜਿਅਦਾ ਹਮਲੇ ਕਾਰਨ ਪੱਤੇ ਝੜ ਜਾਂਦੇ ਹਨ। | 50% ਬੂਟਿਆਂ ਦੇ ਉੱਪਰਲੇ ਹਿੱਸੇ ਦੇ ਪੂਰੀ ਤਰ੍ਹਾਂ ਬਣ ਚੁੱਕੇ ਪੱਤੇ ਪੀਲੇ ਹੋ ਜਾਣ ਅਤੇ ਕਿਨਾਰਿਆਂ ਤੋਂ ਮੁੜ ਜਾਣ |
| | ਚਿੱਟੀ ਮੱਖੀ | ਬੱਚੇ ਅਤੇ ਬਾਲਗ ਪੱਤਿਆਂ ਵਿੱਚੋਂ ਰਸ ਚੂਸਦੇ ਹਨ ਅਤੇ ਪੱਤਿਆਂ ਉੱਤੇ ਸ਼ਹਿਦ ਦੇ ਤੁਪਕਿਆਂ ਵਰਗਾ ਮਲ ਕੱਢਦੇ ਹਨ ਜੋ ਚਿਪਚਿਪਾ ਜਿਹਾ ਹੁੰਦਾ ਹੈ। ਇਸ ਨਾਲ ਪੱਤਿਆਂ ਅਤੇ ਖਿੜੇ ਹੋਏ ਨਰਮੇ ਉੱਪਰ ਉੱਲੀ ਪੈਦਾ ਹੋ ਜਾਂਦੀ ਹੈ ਤੇ ਇਹ ਕਾਲੇ ਰੰਗ ਦੇ ਹੋ ਜਾਂਦੇ ਹਨ। | ਬੂਟੇ ਦੇ ਉੱਪਰਲੇ ਹਿੱਸੇ ਵਿੱਚ ਸਵੇਰੇ 10 ਵਜੇ ਤੋਂ ਪਹਿਲਾਂ 6 ਮੱਖੀਆਂ ਪ੍ਰਤੀ ਪੱਤਾ ਹੋਣ ਜਾਂ ਜਦੋਂ 50 ਪ੍ਰਤੀਸ਼ਤ ਬੂਟਿਆਂ ਦੇ ਪੱਤਿਆਂ ਤੇ ਸ਼ਹਿਦ ਵਰਗੀਆਂ ਬੂੰਦਾਂ ਹੋਣ |
| | ਭੂਰੀ ਜੂੰ (ਥਰਿਪ) | ਜੂੰ ਦੇ ਹਮਲੇ ਕਾਰਨ ਪੱਤੇ ਦੀ ਵਿਚਕਾਰਲੀ ਨਾੜ ਅਤੇ ਬਾਕੀ ਨਾੜੀਆਂ ਦੁਆਲੇ ਚਮਕੀਲੀਆਂ ਧਾਰੀਆਂ ਬਣ ਜਾਂਦੀਆਂ ਹਨ। ਬਾਅਦ ਵਿੱਚ ਇਹ ਧਾਰੀਆਂ ਸਾਰੇ ਪੱਤੇ ਪੈ ਜਾਂਦੀਆਂ ਹਨ, ਜਿਸ ਕਾਰਨ ਪੱਤੇ ਮੁੜਨੇ ਸ਼ੁਰੂ ਹੋ ਜਾਂਦੇ ਹਨ। ਜ਼ਿਆਦਾ ਹਮਲਾ ਹੋਣ ਦੀ ਸੂਰਤ ਵਿੱਚ ਪੱਤੇ ਦੂਰੋਂ ਹੀ ਖਾਕੀ ਅਤੇ ਝੁਰੜ ਮੁਰੜ ਜਾਪਦੇ ਹਨ। | ਬੂਟੇ ਦੇ ਉੱਪਰਲੇ ਹਿੱਸੇ ਵਿੱਚ ਇਸ ਦੇ ਬੱਚੇ ਅਤੇ ਬਾਲਗਾਂ ਦੀ ਗਿਣਤੀ ਪ੍ਰਤੀ ਪੱਤੇ ਤੇ 12 ਹੋ ਜਾਵੇ |
| | ਚੇਪਾ | ਬੱਚੇ ਅਤੇ ਬਾਲਗ ਪੱਤਿਆਂ ਦਾ ਰਸ ਚੂਸਦੇ ਹਨ ਅਤੇ ਪੱਤਿਆਂ ਉੱਤੇ ਸ਼ਹਿਦ ਦੇ ਤੁਪਕਿਆਂ ਵਰਗਾ ਮਲ ਕੱਢਦੇ ਹਨ ਜਿਸ ਉੱਤੇ ਕਾਲੀ ਉੱਲੀ ਪੈਦਾ ਹੋ ਜਾਂਦੀ ਹੈ। | ਜਦੋਂ ਵਿਚਕਾਰਲੀ ਛਤਰੀ ਦੇ 50 ਪ੍ਰਤੀਸ਼ਤ ਬੂਟਿਆਂ ਦੇ ਪੱਤਿਆਂ ਤੇ ਸ਼ਹਿਦ ਵਰਗੀਆਂ ਬੂੰਦਾਂ ਹੋਣ |
| | ਟੀਂਡੇ ਦੀਆਂ ਸੁੰਡੀਆਂ | ਬੀ ਟੀ ਨਰਮਾ ਟੀਂਡੇ ਕਾਣੇ ਕਰਨ ਵਾਲੀਆਂ ਸੁੰਡੀਆਂ ਦੀ ਬਹੁਤ ਵਧੀਆ ਰੋਕਥਾਮ ਕਰਦੀ ਹੈ। ਫੇਰ ਵੀ, ਫੁੱਲ ਡੋਡੀ ਪੈਣ ਸਮੇਂ ਫ਼ਸਲ ਦਾ ਲਗਾਤਾਰ ਸਰਵੇਖਣ ਕਰੋ।ਫ਼ਸਲ ਦੇ ਅਖੀਰ ਵਿੱਚ ਸੁੰਡੀਆਂ ਦੇ ਹਮਲੇ ਕਾਰਨ ਫੁੱਲ ਅਤੇ ਡੋਡੀਆਂ ਜਮੀਨ ਉਪੱਰ ਡਿਗ ਜਾਂਦੀਆਂ ਹਨ। ਸੁੰਡੀਆਂ ਦੇ ਹਮਲੇ ਵਾਲੇ ਫੁੱਲ, ਡੋਡੀਆਂ ਵਿੱਚ ਮੋਰੀਆਂ ਜਾਂ ਸੁੰਡੀਆਂ ਹੋਣਗੀਆਂ ਨਜ਼ਰ ਆਉਂਦੀਆਂ ਹਨ। ਗੁਲਾਬੀ ਸੁੰਡੀ ਲਈ ਫੁੱਲ ਆਉਣ ਤੇ ਖੇਤ ਵਿੱਚ ਵੱਖ-ਵੱਖ ਜਗ੍ਹਾ ਤੋਂ 100 ਫੁੱਲਾਂ ਦੀ ਜਾਂਚ ਕਰੋ। 75 ਦਿਨ ਤੋਂ ਵੱਡੀ ਫ਼ਸਲ ਵਿੱਚ 20 ਹਰੇ ਟੀਂਡੇ ਤੋੜ ਕੇ ਗੁਲਾਬੀ ਸੁੰਡੀ ਦੀ ਗਿਣਤੀ ਕਰੋ | ਸੁੰਡੀ ਦੇ ਹਮਲੇ ਵਾਲੇ ਫੁੱਲ ਡੋ-ਡੀਆਂ ਦੀ ਗਿਣਤੀ 5 ਪ੍ਰਤੀਸ਼ਤ ਤੋਂ ਵੱਧ ਹੋਵੇ<br>• ਭਮੀਰੀ ਫੁੱਲ ਅਤੇ ਹਮਲੇ ਵਾਲੇ ਫੁੱਲ ਗਿਣਤੀ 5 ਪ੍ਰਤੀਸ਼ਤ ਤੋਂ ਵੱਧ ਹੋਵੇ<br>• 20 ਟੀਂਡਿਆਂ ਵਿੱਚੋਂ 2 ਜਾਂ 3 ਤੋਂ ਜ਼ਿਆਦਾ ਸੁੰਡੀਆਂ ਮਿਲ-ਦੀਆਂ ਹਨ |
| ਗੰਨਾ | ਆਗ ਦਾ ਗੜੂੰਆਂ | ਇਸਦੇ ਹਮਲੇ ਕਰਕੇ ਗੰਨੇ ਦੇ ਸਿਰੇ ਤੇ ਗੋਭ ਵਾਲਾ ਪੱਤਾ ਸੁੱਕ ਜਾਂਦਾ ਹੈ ਅਤੇ ਕਾਲੇ ਰੰਗ ਦਾ ਹੋ ਜਾਂਦਾ ਹੈ।ਇਹ ਆਗ ਵਿੱਚ ਮੋਰੀਆਂ ਕਰ ਦਿੰਦਾ ਹੈ, ਪੱਤੇ ਦੀ ਰੀੜ੍ਹ ਤੇ ਉੱਪਰਲੇ ਸਿਰੇ ਵੱਲ ਚਿੱਟੀਆਂ ਜਾਂ ਲਾਲ ਧਾਰੀਆਂ ਪੈ ਜਾਂਦੀਆਂ ਹਨ ਅਤੇ ਗੰਨਾ ਛਾਂਗਾ ਹੋ ਜਾਂਦਾ ਹੈ। | 5 ਪ੍ਰਤੀਸ਼ਤ ਤੋਂ ਵੱਧ ਗੜੂੰਏਂ ਦਾ ਹਮਲਾ ਹੋਵੇ |

**ਨਵੀਨ ਅਗਰਵਾਲ ਅਤੇ ਗੁਰਮੇਲ ਸਿੰਘ ਸੰਧੂ ਕੀਟ ਵਿਗਿਆਨ ਵਿਭਾਗ**
**ਮੋਬਾਇਲ:** 94631-45100

# ਘੱਟ ਲਾਗਤ ਤੇ ਵਧੇਰੇ ਮੁਨਾਫ਼ੇ ਲਈ ਕਰੋ ਬਰਸਾਤ ਰੁੱਤ ਵਿੱਚ ਭਿੰਡੀ ਦੀ ਕਾਸ਼ਤ



**ਬੀਜਣ ਦਾ ਢੰਗ**: ਪੰਜਾਬ ਲਾਲਿਮਾ, ਪੰਜਾਬ-8, ਪੰਜਾਬ-7 ਅਤੇ ਪੰਜਾਬ ਪਦਮਨੀ ਸਿਫਾਰਸ ਕਿਸਮਾਂ ਦਾ 4-6 ਕਿੱਲੋ ਬੀਜ 45 ਤੋਂ 15 ਸੈਂਟੀਮੀਟਰ ਦੂਰੀ (ਕਤਾਰ ਤੋਂ ਕਤਾਰ ਅਤੇ ਬੂਟੇ ਤੋਂ ਬੂਟੇ) ਤੇ ਜੂਨ-ਜੁਲਾਈ ਵਿਚ ਬੀਜਣਾ ਚਾਹੀਦਾ ਹੈ। ਬੀਜਾਈ ਤੋਂ ਪਹਿਲਾਂ ਜ਼ਮੀਨ ਦੀ ਵਹਾਈ ਕਰ ਕੇ 15-20 ਟਨ ਗਲੀ-ਸੜੀ ਰੂੜੀ ਨੂੰ ਚੰਗੀ ਤਰ੍ਹਾਂ ਜ਼ਮੀਨ ਵਿੱਚ ਰਲਾਉਣਾ ਚਾਹੀਦਾ ਹੈ ।ਬੀਜਣ ਤੋਂ ਪਹਿਲਾਂ ਬੀਜ ਨੂੰ 24 ਘੰਟੇ ਲਈ ਪਾਣੀ ਵਿੱਚ ਭਿਉਂਣ ਨਾਲ ਇਸ ਦੀ ਉਗਣ ਦੀ ਸਮਰੱਥਾ ਵੱਧ ਜਾਂਦੀ ਹੈ ।

**ਖਾਦਾਂ ਦੀ ਵਰਤੋਂ**: ਭਰਪੂਰ ਫ਼ਸਲ ਲਈ 36 ਕਿੱਲੋ ਨਾਈਟ੍ਰੋਜਨ (80 ਕਿੱਲੋ ਯੂਰੀਆ ਦੀ ਅੱਧੀ ਖੁਰਾਕ ਬਿਜਾਈ ਵੇਲੇ ਅਤੇ ਅੱਧੀ ਪਹਿਲੀ ਤੁੜਾਈ ਤੋਂ ਬਾਅਦ) ਪ੍ਰਤੀ ਏਕੜ ਦੀ ਵਰਤੋਂ ਕਰਨੀ ਚਾਹੀਦੀ ਹੈ, ਜੈਵਿਕ ਖੇਤੀ ਵਿੱਚ ਗਲੀ ਸੜੀ ਸੁੱਕੀ ਰੂੜੀ ਦੀ ਖਾਦ (1.0% ਨਾਈਟ੍ਰੋਜਨ) ਬਿਜਾਈ ਵੇਲੇ 3.6 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਰੂੜੀ ਖਾਦ ਦੀ ਮਾਤਰਾ ਉਸ ਵਿੱਚ ਮੌਜੂਦ ਨਾਈਟ੍ਰੋਜਨ ਦੇ ਹਿਸਾਬ ਨਾਲ ਵਧਾਈ ਜਾਂ ਘਟਾਈ ਜਾ ਸਕਦੀ ਹੈ ।

**ਨਦੀਨਾਂ ਦੀ ਰੋਕਥਾਮ**: ਲੋੜ ਅਨੁਸਾਰ 3-4 ਗੋਡੀਆਂ ਕਰਨੀਆਂ ਚਾਹੀਦੀਆਂ ਹਨ।ਜੈਵਿਕ ਖੇਤੀ ਵਿੱਚ ਬਿਜਾਈ ਤੋਂ ਬਾਅਦ 36 ਕੁਇੰਟਲ ਝੋਨੇ ਦੀ ਪਰਾਲੀ ਪ੍ਰਤੀ ਏਕੜ ਵਿਛਾਉਣ ਨਾਲ ਨਦੀਨਾਂ ਦੀ ਸਮੱਸਿਆ ਘੱਟ ਆਉਂਦੀ ਹੈ ।

**ਸਿੰਚਾਈ**: ਬਰਸਾਤ ਵਿੱਚ ਸਿੰਚਾਈ ਲੋੜ ਅਨੁਸਾਰ ਕਰਨੀ ਚਾਹੀਦੀ ਹੈ। ਰੇਤਲੀਆਂ ਜਮੀਨਾਂ ਵਿੱਚ ਲੂਣੇ-ਖਾਰੇ ਪਾਣੀ ਨੂੰ ਨਹਿਰੀ ਪਾਣੀ ਨਾਲ ਅਦਲ ਬਦਲ (1:1) ਕੇ ਵਰਤੋ।

**ਕੀੜੇ-ਮਕੌੜੇ ਅਤੇ ਰੋਗ ਪ੍ਰਬੰਧਨ**: ਜੈਸਿਡ (ਤੇਲਾ), ਭਿੰਡੀ ਤੇ ਚਿਤਕਬਰੀ ਸੁੰਡੀ, ਮਕੌੜਾ ਜੂੰ, ਚਿੱਟੀ ਮੱਖੀ, ਪੀਲੀਆ ਦਾ ਹਮਲਾ ਭਿੰਡੀ ਨੂੰ ਨੁਕਸਾਨ ਪਹੁੰਚਾਉਂਦਾ ਹੈ।

- **ਜੈਸਿਡ (ਤੇਲਾ)**: ਜੇਕਰ ਜੈਸਿਡ (ਤੇਲੇ) ਦੀ ਗਿਣਤੀ ਪ੍ਰਤੀ ਪੱਤੇ ਤੇ 4 ਬੱਚੇ ਹੋ ਜਾਵੇ ਤਾਂ 80 ਮਿਲੀਲਿਟਰ ਇਕੋਟਿਨ 5% (ਨਿੰਮ ਅਧਾਰਿਤ ਕੀਟਨਾਸ਼ਕ) ਜਾਂ 2000 ਮਿਲੀਲਿਟਰ ਪੀ ਏ ਯੂ ਘਰ ਦਾ ਬਣਾਇਆ ਨਿੰਮ ਦਾ ਘੋਲ ਪ੍ਰਤੀ ਏਕੜ 100-125 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।
- **ਭਿੰਡੀ ਤੇ ਚਿਤਕਬਰੀ ਸੁੰਡੀ**: ਹਮਲੇ ਵਾਲੇ ਫ਼ਲ ਲਗਾਤਾਰ ਤੋੜ ਕੇ ਜ਼ਮੀਨ ਵਿੱਚ ਡੂੰਘੇ ਨੱਪ ਦਿਓ ।ਜਦੋਂ 10 ਬੂਟਿਆਂ ਤੋਂ ਕਾਣੇ ਫ਼ਲਾਂ ਦੀ ਗਿਣਤੀ 1 ਪ੍ਰਤੀਸ਼ਤ ਤੋਂ ਵੱਧ ਹੋਵੇ ਤਾਂ 50 ਮਿਲੀਲਿਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨੀਲੀਪਰੋਲ) ਜਾਂ 200 ਮਿਲੀਲਿਟਰ ਸੁਮੀਪਲੀਉ 10 ਈ ਸੀ (ਪਰਿਡਾਲਾਈਲ) ਜਾਂ 70 ਗ੍ਰਾਮ ਪ੍ਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਂਜੋਏਟ)
- **ਮਕੌੜਾ ਜੂੰ**: 150 ਮਿਲੀਲਿਟਰ ਓਬਰੋਨ (ਸਪਾਈਰੋਮੈਸੀਫਿਨ) 22.9 ਐਸ ਸੀ
- **ਚਿੱਟੀ ਮੱਖੀ**: ਜੈਸਿਡ (ਤੇਲਾ) ਵਾਲੇ ਕੀਟਨਾਸਕ ਵਰਤੋ।
- **ਪੀਲੀਆ**: ਇਸ ਰੋਗ ਦਾ ਟਾਕਰਾ ਕਰਨ ਵਾਲੀਆਂ ਪੰਜਾਬ ਪਦਮਨੀ ਜਾਂ ਪੰਜਾਬ-8 ਜਾਂ ਪੰਜਾਬ-7 ਕਿਸਮਾਂ ਬੀਜੋ । ਬਿਮਾਰੀ ਨੂੰ ਫੈਲਾਉਣ ਵਾਲੀ ਚਿੱਟੀ ਮੱਖੀ ਦੀ ਰੋਕਥਾਮ ਕਰਨੀ ਚਾਹੀਦੀ ਹੈ ।

*** ਸਾਵਧਾਨੀਆਂ**: ਛਿੜਕਾਅ ਕਰਨ ਤੋਂ ਪਹਿਲਾਂ ਸਾਰੇ ਫ਼ਲ ਤੋੜ ਲਉ। ਕੌਨਫੀਡੋਰ ਤੇ ਕੋਰਾਜ਼ਨ ਦੇ ਛਿੜਕਾਅ ਤੋਂ ਇੱਕ ਦਿਨ ਤੱਕ ਫ਼ਲ ਨਾ ਤੋੜੋ।

**ਪੀ ਏ ਯੂ ਘਰ ਦਾ ਬਣਾਇਆ ਨਿੰਮ ਦਾ ਘੋਲ ਤਿਆਰ ਕਰਨ ਦੀ ਵਿਧੀ**: 4 ਕਿਲੋ ਨਿੰਮ ਦੀਆਂ ਕਰੂੰਬਲਾਂ ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਓ।

**ਤੁੜਾਈ ਅਤੇ ਸਾਂਭ-ਸੰਭਾਲ:**

ਬੀਜਾਈ ਤੋਂ ਲੱਗਭਗ 45-60 ਦਿਨਾਂ ਵਿੱਚ ਭਿੰਡੀ ਤੁੜਾਈ ਯੋਗ ਹੋ ਜਾਂਦੀ ਹੈ । 10-12 ਤੁੜਾਈਆਂ ਨਾਲ 40-50 ਕੁਇੰਟਲ ਪ੍ਰਤੀ ਏਕੜ ਦਾ ਔਸਤਨ ਝਾੜ ਪ੍ਰਾਪਤ ਹੁੰਦਾ ਹੈ। ਤਾਜ਼ੇ, 10 ਸੈਂਟੀਮੀਟਰ ਲੰਬੇ ਤੇ ਨਰਮ ਫ਼ਲਾਂ ਨੂੰ ਤੋੜਨਾ ਚਾਹੀਦਾ ਹੈ। ਤੁੜਾਈ ਕਰਦੇ ਸਮੇਂ ਇਹ ਧਿਆਨ ਦਿਉ ਕਿ ਤਣੇ ਨੂੰ ਕੋਈ ਨੁਕਸਾਨ ਨਾ ਹੋਵੇ ਇਸ ਲਈ ਤੇਜ਼ ਚਾਕੂ ਨਾਲ ਉਸਦੀ ਤੁੜਾਈ ਕਰੋ।ਹੱਥਾਂ ਵਿਚ ਗੁਲਵਜ਼ ਪਾ ਕੇ ਭਿੰਡੀ ਦੀ ਤੁੜਾਈ ਕਰਨ ਨਾਲ ਇਸ ਨੂੰ ਕੁਝ ਲੰਬੇ ਸਮੇਂ ਤਕ ਤਾਜ਼ਾ ਰੱਖਿਆ ਜਾ ਸਕਦਾ ਹੈ ਤੇ ਲੋੜ ਅਨੁਸਾਰ ਇਸ ਦਾ ਮੰਡੀਕਰਨ ਕਰ ਕੇ ਵਾਧੂ ਮੁਨਾਫ਼ਾ ਕਮਾਇਆ ਜਾ ਸਕਦਾ ਹੈ।

ਸੰਜੀਵ ਅਹੂਜਾ, ਉਰਵੀ ਸ਼ਰਮਾ ਅਤੇ ਜਗਮਨਜੋਤ ਸਿੰਘ ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ
ਮੋਬਾਇਲ:94630-25285

# ਮੱਕੀ ਵਿੱਚ ਫ਼ਾਲ ਆਰਮੀਵਾਰਮ ਦੀ ਰੋਕਥਾਮ

**ਮੱਕੀ ਤੇ ਨੁਕਸਾਨ ਦੇ ਲੱਛਣ:**

- ਫ਼ਾਲ ਆਰਮੀਵਰਮ ਛੋਟੀ ਫ਼ਸਲ ਤੋਂ ਲੈ ਕੇ ਛੱਲੀ ਬਣਨ ਤੱਕ ਫ਼ਸਲ ਨੂੰ ਨੁਕਸਾਨ ਪਹੁੰਚਾਉਂਦਾ ਹੈ ਪਰ ਗੋਭ ਵਿੱਚ ਖਾਣਾ ਇਸ ਕੀੜੇ ਨੂੰ ਵਧੇਰੇ ਪਸੰਦ ਹੈ।
- ਹਮਲੇ ਦੇ ਸ਼ੁਰੂਆਤ ਵਿੱਚ ਛੋਟੀਆਂ ਸੁੰਡੀਆਂ ਪੱਤੇ ਦੀ ਸਤਹਿ ਨੂੰ ਖੁਰਚ ਕੇ ਖਾਂਦੀਆਂ ਹਨ ਜਿਸ ਕਾਰਣ ਪੱਤਿਆਂ ਉੱਤੇ ਲੰਮੇ ਆਕਾਰ ਦੇ ਕਾਗਜ਼ੀ ਨਿਸ਼ਾਨ ਬਣ ਜਾਂਦੇ ਹਨ (ਚਿੱਤਰ:1)।
- ਜਦੋਂ ਸੁੰਡੀਆਂ ਵੱਡੀਆਂ ਹੁੰਦੀਆਂ ਹਨ ਤਾਂ ਪੱਤਿਆਂ ਉੱਪਰ ਬੇਤਰਤੀਬੇ, ਗੋਲ ਜਾਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ। ਇਨ੍ਹਾਂ ਮੋਰੀਆਂ ਦਾ ਆਕਾਰ ਸੁੰਡੀਆਂ ਦੇ ਵਿਕਾਸ ਨਾਲ ਵੱਧਦਾ ਜਾਂਦਾ ਹੈ। ਵੱਡੀਆਂ ਸੁੰਡੀਆਂ ਗੋਭ ਦੇ ਪੱਤਿਆਂ ਨੂੰ ਬੁਰੀ ਤਰ੍ਹਾਂ ਖਾ ਕੇ, ਇਨ੍ਹਾਂ ਗੋਭਾਂ ਵਿੱਚ ਭਾਰੀ ਮਾਤਰਾ ਵਿੱਚ ਵਿੱਠਾਂ ਦਿੰਦੀਆਂ ਹਨ (ਚਿੱਤਰ:2)। ਦਿਨ ਦੇ ਸਮੇਂ ਸੁੰਡੀਆਂ ਗੋਭ ਵਿੱਚ ਲੁਕ ਜਾਂਦੀਆਂ ਹਨ।



ਚਿੱਤਰ 1: ਛੋਟੀਆਂ ਸੁੰਡੀਆਂ ਦੇ ਹਮਲੇ ਕਾਰਣ ਕਾਗਜ਼ੀ ਨਿਸ਼ਾਨ

**ਰੋਕਥਾਮ ਲਈ ਹੇਠ ਦੱਸੇ ਕੀਟਨਾਸ਼ਕ ਸਿਫਾਰਿਸ਼ ਕੀਤੇ ਗਏ ਹਨ:**

- ਫ਼ਸਲ ਦਾ ਸਰਵੇਖਣ ਹਫ਼ਤੇ ਦੇ ਵਕਫ਼ੇ ਤੇ ਕਰਦੇ ਰਹਿਣਾ ਚਾਹੀਦਾ ਹੈ। ਇਸ ਕੀੜੇ ਦੀ ਰੋਕਥਾਮ ਦੇ ਉਪਰਾਲੇ ਸੁੰਡੀਆਂ ਖੇਤ ਵਿੱਚ ਨਜ਼ਰ ਆਉਂਦੇ ਸਾਰ ਹੀ ਸ਼ੁਰੂ ਕਰ ਦੇਣੇ ਚਾਹੀਦੇ ਹਨ ਕਿਉਂਕਿ ਛੋਟੀਆਂ ਸੁੰਡੀਆਂ ਦੀ ਰੋਕਥਾਮ ਸੌਖੀ ਹੋ ਜਾਂਦੀ ਹੈ।
- ਲੋੜ ਅਨੁਸਾਰ, ਹੇਠਾਂ ਦੱਸੇ ਕੀਟਨਾਸ਼ਕਾਂ ਨਾਲ ਰੋਕਥਾਮ ਕੀਤੀ ਜਾ ਸਕਦੀ ਹੈ:
    - 0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ।ਫ਼ਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 120-200 ਲਿਟਰ ਪ੍ਰਤੀ ਏਕੜ ਵਰਤੋ।
    - ਛਿੜਕਾਅ ਲਈ ਸਿਰਫ਼ ਗੋਲ ਨੋਜ਼ਲ ਦੀ ਹੀ ਵਰਤੋਂ ਕਰੋ। ਸਪਰੇਅ ਦੀ ਦਿਸ਼ਾ ਮੱਕੀ ਦੀ ਗੋਭ ਵੱਲ੍ਹ ਕਰੋ ਤਾਂ ਜੋ ਸੁੰਡੀ ਉੱਪਰ ਕੀਟਨਾਸ਼ਕ ਦਾ ਸਿੱਧਾ ਅਸਰ ਹੋਵੇ।
    - ਜੇ ਹਮਲਾ ਕੁਝ ਬੂਟਿਆਂ ਤੇ ਹੋਵੇ ਜਾਂ ਫ਼ਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿੱਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾਓ (ਲਗਭਗ ਅੱਧਾ ਗ੍ਰਾਮ ਪ੍ਰਤੀ ਗੋਭ)।
    - ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 5 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਨੂੰ 10 ਮਿਲੀਲਿਟਰ ਪਾਣੀ ਵਿੱਚ ਘੋਲ ਕੇ ਇੱਕ ਕਿਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਰਲਾਓ। ਮਿਸ਼ਰਣ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਾਓ।
- ਬੈਸੀਲਸ ਥੁਰੀਨਜਿਐਨਸਿਸ (ਬੀ. ਟੀ.) ਆਧਾਰਿਤ ਜੈਵਿਕ ਕੀਟਨਾਸ਼ਕਾ ਦੀ ਵਰਤੋਂ ਨੂੰ ਤਰਜੀਹ ਦਿਓ। ਇਸ ਨਾਲ ਕੁਦਰਤੀ ਤੌਰ ਤੇ ਮਿਲਣ ਵਾਲੇ ਮਿੱਤਰ ਕੀੜੇ ਜਿਵੇਂ ਕਿ ਕੀਲੋਨਸ ਫੌਰਮੋਸੈਨਸ, ਕੋਪੋਲੈਟਿਸ, ਕੋਕਸੀਨੈਲਿਡ ਆਦਿ ਵੀ ਕਾਫ਼ੀ ਸੰਖਿਆ ਵਿੱਚ ਵੱਧ ਜਾਂਦੇ ਹਨ।25 ਗ੍ਰਾਮ ਡੇਲਫਿਨ ਡਬਲਯੂ ਜੀ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਜਾਂ 25 ਮਿਲੀਲਿਟਰ ਡਾਈਪਲ 8 ਐੱਲ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਨੂੰ ਇੱਕ ਕਿਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾਓ ਅਤੇ ਮਿਸ਼ਰਣ (ਲਗਭਗ ਅੱਧਾ ਗ੍ਰਾਮ ਪ੍ਰਤੀ ਗੋਭ) ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾਓ ।



ਚਿੱਤਰ 2. ਵੱਡੀਆਂ ਸੁੰਡੀਆਂ ਦੇ ਗੋਭ ਦੇ ਪੱਤਿਆਂ ਤੇ ਹਮਲੇ ਦੀਆਂ ਨਿਸ਼ਾਨੀਆਂ

ਕਿਸਾਨਾਂ ਨੂੰ ਇਸ ਕੀੜੇ ਦੇ ਹਮਲੇ ਤੋਂ ਘਬਰਾਉਣ ਦੀ ਲੋੜ ਨਹੀਂ ਕਿਉਂਕਿ ਸਮੇਂ ਸਿਰ ਅਤੇ ਵਿਆਪਕ ਪੱਧਰ ਤੇ ਉਪਰਾਲੇ ਕਰਨ ਨਾਲ ਫ਼ਸਲ ਦਾ ਨੁਕਸਾਨ ਘਟਾਇਆ ਜਾ ਸਕਦਾ ਹੈ।

ਜਵਾਲਾ ਜਿੰਦਲ, ਇੰਦਰਪ੍ਰੀਤ ਕੌਰ ਬੋਪਾਰਾਏ ਅਤੇ ਨਵਨੀਤ ਕੌਰ ਧਾਲੀਵਾਲ ਕੀਟ ਵਿਗਿਆਨ ਵਿਭਾਗ
ਮੋਬਾਇਲ: 99884-01521

# ਕੰਢੀ ਖੇਤਰ ਵਿੱਚ ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ





ਪਾਣੀ ਇੱਕ ਬਹੁਤ ਹੀ ਮਹੱਤਵਪੂਰਨ ਸਰੋਤ ਹੈ। ਜੋ ਕਿ ਧਰਤੀ ਉੱਪਰ ਜ਼ਿੰਦਗੀ ਦਾ ਆਧਾਰ ਹੈ। ਕਿਸੇ ਵੀ ਫ਼ਸਲ ਦੀ ਪੈਦਾਵਾਰ ਪਾਣੀ ਦੀ ਉਪਲਬਧਤਾ ਉੱਪਰ ਨਿਰਭਰ ਕਰਦੀ ਹੈ। ਪੰਜਾਬ ਦਾ ਲਗਭਗ 10 ਫੀਸਦੀ ਰਕਬਾ ਨੀਮ ਪਹਾੜੀ ਖੇਤਰ ਹੈ ਜੋ ਕਿ ਸ਼ਿਵਾਲਿਕ ਪਹਾੜੀਆਂ ਦੇ ਅਧੀਨ ਪਾਇਆ ਜਾਂਦਾ ਹੈ ਜਿਸਨੂੰ ਕੰਢੀ ਖੇਤਰ ਦੇ ਨਾ ਨਾਲ ਜਾਣਿਆ ਜਾਂਦਾ ਹੈ। ਇਸ ਖੇਤਰ ਵਿੱਚ ਸਾਉਣੀ ਦੀ ਮੁੱਖ ਫ਼ਸਲ ਮੱਕੀ ਹੈ।

ਕੰਢੀ ਇਲਾਕੇ ਵਿੱਚ ਪਾਣੀ ਦੀ ਬਹੁਤ ਘਾਟ ਹੈ। ਇਸਦੇ ਮੁੱਖ ਕਾਰਨ ਮੀਂਹ ਦੀ ਸਮੇਂ ਅਨੁਸਾਰ ਠੀਕ ਵੰਡ ਨਾ ਹੋਣਾ, ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਨੀਂਵਾਂ ਹੋਣਾ ਅਤੇ ਧਰਤੀ ਦਾ ਸਮਤਲ ਨਾ ਹੋਣਾ। ਕੰਢੀ ਇਲਾਕੇ ਵਿੱਚ ਪੰਜਾਬ ਦੇ ਬਾਕੀ ਇਲਾਕਿਆ ਨਾਲੋਂ ਬਰਸਾਤ ਜ਼ਿਆਦਾ ਹੁੰਦੀ ਹੈ ਅਤੇ ਧਰਤੀ ਦਾ ਉੱਚਾ ਨੀਂਵਾਂ ਹੋਣ ਕਾਰਣ ਮੀਂਹ ਦਾ ਪਾਣੀ ਨੀਂਵੇ ਇਲਾਕਿਆ ਨੂੰ ਜਾਂਦਾ ਹੈ। ਇਸ ਲਈ ਮੀਂਹ ਦੇ ਪਾਣੀ ਨੂੰ ਸਿੰਚਾਈ ਵਾਸਤੇ ਵਰਤਣ ਲਈ ਉਸਦੀ ਸਾਂਭ ਸੰਭਾਲ ਕਰਨਾ ਅਤੇ ਉਸਨੂੰ ਸੁਰੱਖਿਅਤ ਥਾਂ ਜਿਵੇਂ ਕਿ ਟੋਭਿਆ ਵਿੱਚ ਇੱਕਠਾ ਕਰਨਾ ਬਹੁਤ ਜ਼ਰੂਰੀ ਹੈ। ਲੋੜ ਪੈਣ ਉੱਤੇ ਮੱਕੀ ਦੀ ਫ਼ਸਲ ਵਿੱਚ ਇਸ ਪਾਣੀ ਨੂੰ ਵਰਤਿਆ ਜਾ ਸਕਦਾ ਹੈ ਅਤੇ ਵੱਧ ਝਾੜ ਲਿਆ ਜਾ ਸਕਦਾ ਹੈ।

ਇਸਦੇ ਨਾਲ ਭੌਂ ਖੋਰ ਨੂੰ ਵੀ ਘਟਾਇਆ ਜਾ ਸਕਦਾ ਹੈ। ਕੰਢੀ ਇਲਾਕੇ ਦੇ ਕਿਸਾਨ ਜ਼ਿਆਦਾਤਾਰ ਛੋਟੇ ਅਤੇ ਮੱਧਿਅਮ ਸ਼੍ਰੇਣੀ ਦੇ ਹਨ ਅਤੇ ਉਹਨਾਂ ਕੋਲ ਸਰੋਤਾਂ ਦੀ ਘਾਟ ਹੋਣ ਕਾਰਣ ਟੋਭਿਆਂ ਦੇ ਪਾਣੀ ਦੀ ਬਹੁਤ ਮਹੱਤਤਾ ਹੈ। ਮੀਂਹ ਦੇ ਪਾਣੀ ਨੂੰ ਟੋਭੇ ਵਿੱਚ ਇੱਕਠਾ ਕਰਕੇ ਸੂਰਜੀ ਊਰਜਾ ਪੰਪ ਨਾਲ ਤੁਪਕਾ ਸਿੰਚਾਈ ਵਿਧੀ ਰਾਹੀਂ ਮੱਕੀ ਦੀ ਫ਼ਸਲ ਨੂੰ ਪਾਣੀ ਲਾਇਆ ਜਾ ਸਕਦਾ ਹੈ। ਮੱਕੀ ਦੇ ਨਿਸਰਣ ਦੀ ਅਵੱਸਥਾ ਅਤੇ ਸੂਤ ਕੱਤਣ ਸਮੇਂ ਟੋਭਿਆ ਵਿੱਚੋਂ ਪਾਣੀ ਵਰਤਕੇ ਅਸੀਂ ਬਰਾਨੀ ਮੱਕੀ ਨਾਲੋਂ 30 ਤੋਂ 40 ਫੀਸਦੀ ਵਧੇਰੇ ਝਾੜ ਲੈ ਸਕਦੇ ਹਾਂ ਇਸ ਲਈ ਸਮੇਂ ਸਿਰ ਇਹਨਾਂ ਟੋਭਿਆਂ ਦੀ ਸਾਂਭ-ਸੰਭਾਲ ਕਰਕੇ ਅਸੀ ਮੀਂਹ ਦੇ ਪਾਣੀ ਨੂੰ ਢੁੱਕਵੇਂ ਸਮੇਂ ਤੇ ਸਿੰਚਾਈ ਲਈ ਵਰਤ ਸਕਦੇ ਹਾਂ।

ਅਬਰਾਰ ਯੂਸੁਫ, ਜਸਪ੍ਰੀਤ ਸਿੰਘ ਅਤੇ ਮੁਹੰਮਦ ਅਮੀਨ ਭੱਟ
ਮੋਬਾਇਲ: 9501404847

# ਪੀ.ਏ.ਯੂ. ਖੇਤੀ ਮਾਹਿਰਾਂ ਦੇ ਡੈਸਕ ਤੋਂ

## ਮੌਸਮ (31-07-2024)

**ਆਉਣ ਵਾਲੇ 24 ਘੰਟਿਆਂ ਦੌਰਾਨ ਲੁਧਿਆਣਾ ਅਤੇ ਇਸਦੇ ਨਾਲ ਲੱਗਦੇ ਭਾਗਾਂ ਵਿੱਚ ਬੱਦਲਵਾਈ ਬਣੇ ਰਹਿਣ ਨਾਲ ਦਰਮਿਆਨੀ ਬਾਰਿਸ਼ ਹੋਣ ਦਾ ਅਨੁਮਾਨ ਹੈ।**

| | |
|---|---|
| ਦਿਨ ਦਾ ਤਾਪਮਾਨ: | 36.4 ਡਿ.ਸੈ. |
| ਰਾਤ ਦਾ ਤਾਪਮਾਨ: | 29.4 ਡਿ.ਸੈ. |
| ਸਵੇਰ ਦੀ ਨਮੀ: | 85% |
| ਸ਼ਾਮ ਦੀ ਨਮੀ: | 65% |
| ਵਾਸ਼ਪੀਕਰਨ: (ਪਿਛਲੇ 24 ਘੰਟਿਆਂ ਦੌਰਾਨ) | 3.2 ਮਿ.ਮਿ. |
| ਬਾਰਿਸ਼: (ਪਿਛਲੇ 24 ਘੰਟਿਆਂ ਦੌਰਾਨ) | 0.0 ਮਿ.ਮਿ |
| ਦਿਨ ਦੀ ਲੰਬਾਈ | 13 ਘੰਟੇ 39 ਮਿੰਟ |

**ਮੌਸਮ ਦੀ ਭਵਿੱਖਵਾਣੀ:** ਅਗਲੇ 3-4 ਦਿਨ ਪੰਜਾਬ ਵਿੱਚ ਬੱਦਲਵਾਈ ਬਣੇ ਰਹਿਣ ਨਾਲ ਬਾਰਿਸ਼ ਪੈਣ ਦਾ ਅਨੁਮਾਨ ਹੈ।

| ਇਲਾਕੇ /ਮੌਸਮੀ ਪੈਮਾਨੇ | ਨੀਮ ਪਹਾੜੀ ਇਲਾਕੇ | ਮੈਦਾਨੀ ਇਲਾਕੇ | ਦੱਖਣ-ਪੱਛਮੀ ਇਲਾਕੇ |
|---|---|---|---|
| ਵੱਧ ਤੋਂ ਵੱਧ ਤਾਪਮਾਨ (ਡਿ.ਸੈਂ) | 32-37 | 33-37 | 33-37 |
| ਘੱਟ ਤੋਂ ਘੱਟ ਤਾਪਮਾਨ (ਡਿ.ਸੈਂ) | 26-29 | 26-30 | 26-29 |
| ਸਵੇਰ ਦੀ ਨਮੀ (%) | 76-92 | 75-91 | 75-92 |
| ਸ਼ਾਮ ਦੀ ਨਮੀ (%) | 68-85 | 60-79 | 60-85 |

**ਕਿਸਾਨਾਂ ਲਈ ਮੌਸਮ ਅਤੇ ਫਸਲਾਂ ਦਾ ਹਾਲ :** ਅਗਲੇ 3-4 ਦਿਨਾਂ ਵਿੱਚ ਬੱਦਲਵਾਈ ਬਣੇ ਰਹਿਣ ਨਾਲ ਬਾਰਿਸ਼ ਪੈਣ ਦਾ ਅਨੁਮਾਨ ਹੈ।ਅ ਉਣ ਵਾਲੇ ਦਿਨਾਂ ਦੌਰਾਨ ਕਿਸਾਨ ਵੀਰ ਬਾਰਿਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਖੇਤਾਂ ਨੂੰ ਪਾਣੀ ਨਾ ਲਾਉਣ ਅਤੇ ਸਪ੍ਰੇਅ ਨਾ ਕਰਨ।

# ਖੇਤੀ ਫ਼ਸਲਾਂ

**ਝੋਨਾ :** ਖੇਤ ਵਿੱਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ। ਝੋਨੇ ਦੀ ਫ਼ਸਲ ਨੂੰ ਪਾਣੀ ਜੀਰਨ ਤੋਂ ਦੋਂ ਦਨ ਬਾਅਦ ਪਾਣੀ ਦੇਣਾ ਚਾਹੀਦਾ ਹੈ ਪਰ ਖੇਤ ਵਿਚ ਤਰੇੜਾਂ ਨਾ ਪੈਣ ਦਿਓ। ਜੇਕਰ ਨਾਈਟ੍ਰੋਜਨ ਦੀ ਅਖੀਰਲੀ ਕਿਸ਼ਤ ਨਹੀਂ ਪਾਈ ਤਾਂ 30 ਕਿੱਲੋ ਯੂਰੀਆ ਪਾ ਦਿਉ ।ਘੱਟ ਸਮਾਂ ਲੈਣ ਵਾਲੀ ਕਿਸਮਾ ਪੀ. ਆਰ. 126 ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 5 ਹਫਤੇ ਬਾਅਦ ਪਾਉ।ਜਿੰਨ੍ਹਾਂ ਖੇਤਾਂ ਵਿੱਚ ਤਣੇ ਗੜੂੰਇਆਂ ਕਰਕੇ 5 ਪ੍ਰਤੀਸ਼ਤ ਤੋਂ ਵਧੇਰੇ ਸੁੱਕੀਆਂ ਗੋਭਾਂ ਹੋਣ ਉਥੇ 60 ਮਿਲੀ ਲਿਟਰ ਕੋਰਾਜਨ 18.5 ਐਸ ਸੀ 20ਮਿਲੀ ਲਿਟਰ ਫੇਮ 480 ਐਸ ਸੀ ਜਾਂ 170 ਗ੍ਰਾਮ ਮੋਰਟਰ 75 ਐਸ ਜੀ ਜਾਂ 80ਮਿਲੀ ਲੀਟਰ ਨਿੰਮ ਅਧਾਰਿਤ ਇਕੋਟਿਨ ਜਾਂ 1.0 ਲਿਟਰ ਕਲੋਰਪਾਈਰੀਫਾਸ ਪ੍ਰਤੀ ਏਕੜ ਦਾ ਛਿੜਕਾਅ 100 ਲਿਟਰ ਪਾਣੀ ਵਿੱਚ ਘੋਲ ਕੇ ਕਰੋ । ਬੂਟਿਆਂ ਦੇ ਟਿੱਡਿਆਂ ਦੇ ਸਰਵੇਖਣ ਲਈ, ਕੁਝ ਬੂਟੇ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ । ਜੇਕਰ ਪ੍ਰਤੀ ਬੂਟਾ 5 ਜਾਂ ਵੱਧ ਟਿੱਡੇ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ ਜਾਂ 80 ਗ੍ਰਾਮ ਓਸ਼ੀਨ/ਟੋਕਨ 20 ਐਸ ਜੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ।

**ਨਰਮਾ :** ਆਉਣ ਵਾਲੇ ਦਿਨ੍ਹਾਂ ਵਿੱਚ ਬਾਰਿਸ਼ ਦੀ ਸੰਭਾਵਨਾ ਹੈ ਅਤੇ ਨਰਮੇ-ਕਪਾਹ ਦੀ ਫ਼ਓਮਪ;ਸਲ ਖੜ੍ਹੇ ਪਾਣੀ ਨੂੰ ਨਹੀਂ ਝੱਲਦੀ।ਇਸ ਲਈ ਬਰਸਾਤ ਦੇ ਮੌਸਮ ਵਿਚ ਨਰਮੇ/ਕਪਾਹ ਦੇ ਖੇਤਾਂ 'ਚੋਂ ਫਾਲਤੂ ਪਾਣੀ ਬਾਹਰ ਕੱਢ ਦਿਓ।ਬੀ ਟੀ ਨਰਮੇ ਦੇ ਖੇਤਾਂ ਵੱਚ ਪੈਰਾਵਿਲਟ ਦੀ ਸਮੱਸਿਆ ਆ ਸਕਦੀ ਹੈ। ਇਸ ਦੀ ਰੋਕਥਾਮ ਲਈ ਸਿਰਫ ਪ੍ਰਭਾਵਿਤ ਬੂਟਿਆਂ ਉਪਰ (ਤਾਜਾ ਕਮਲਾਏ ਹੋਏ) 10 ਮਿਲੀਗ੍ਰਾਮ ਕੋਬਾਲਟ ਕਲੋਰਾਈਡ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਸਪ੍ਰੇਅ ਕਰ ਦਿਓ।ਕਪਾਹ ਵਿਰਲੀ ਕਰਨ ਵੇਲੇ ਨਾਈਟ੍ਰੋਜਨ ਦੀ ਅੱਧੀ ਖ਼ੁਰਾਕ ਪਾਉ ਅਤੇ ਬਾਕੀ ਅਧੀ ਨਾਈਟ੍ਰੋਜਨ ਫੁੱਲ ਨਿਕਲਣ ਸਮੇਂ ਪਾਓ। ਨਰਮੇ ਦੀ ਫਸਲ ਵਿਚ ਨਦੀਨਾਂ ਦੀ ਰੋਕਥਾਮ ਲਈ 2-3 ਗੋਡੀਆਂ ਕਰੋ, ਪਿਹਲੀ ਗੋਡੀ ਪਹਿਲੇ ਪਾਣੀ ਤੋਂ ਪਿਹਲਾਂ, ਪਹੀਏ ਵਾਲੀ ਤ੍ਰਿਫਾਲੀ ਟਰੈਕਟਰ ਨਾਲ ਚਲਣ ਵਾਲੇ ਟਿੱਲਰ/ਰੋਟਰੀ ਵੀਡਰ ਨਾਲ ਕਰੋ। ਫਸਲ ਨੂੰ ਫੁੱਲ ਜਾਂ ਟੀਂਡੇ ਪੈਣ ਤੋਂ ਬਾਅਦ ਇਹਨਾਂ ਦੀ ਵਰਤੋਂ ਨਾਂ ਕਰੋ।ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫਸਲਾ ਜਿਵੇਂ ਕਿ ਬੈਗਣ, ਆਲੂ, ਟਮਾਟਰ, ਮਿਰਚਾ, ਮੂੰਗੀ ਆਦਿ ਤੇ ਵੀ ਪਾਇਆ ਜਾਦਾਂ ਹੈ। ਇਸ ਲਈ ਇਹਨਾਂ ਫਸਲਾਂ ਦਾ ਲਗਾਤਾਰ ਸਰਵੇਖਣ ਕਰੋ ਅਤੇ ਲੋੜ ਮੁਤਾਬਿਕ ਇਸ ਦੀ ਰੋਕਥਾਮ ਕਰੋ।ਨਰਮੇ ਦੇ ਖੇਤਾਂ ਵਿੱਚੋਂ ਪੱਤਾ ਲਪੇਟ ਵਿਸ਼ਾਣੂੰ ਨਾਲ ਪ੍ਰਭਾਵਿਤ ਬੂਟਿਆਂ ਨੂੰ ਸਮੇਂ-ਸਮੇਂ ਤੇ ਪੁੱਟ ਕੇ ਦਬਾਅ ਦਿਓ।ਗੁਲਾਬੀ ਸੁੰਡੀ ਦੀ ਗੈਰ ਰਸਾਇਣਕ ਰੋਕਥਾਮ ਲਈ ਫੀਰਮੋਨ (ਗੋਸੀਪਲਓਰ 4%; 7, 11 ਹੈਕਸਾਡੇਕਾਡਾਈਨਿਾਇਲ) ਆਧਾਰਿਤ ਸਪਲੈਟ (ਸ਼ਫ਼ਲਅਠ- ਸ਼ਪਏਚਿ-ਓਲਿਜ਼ਏਦ ਫਹਏਰੋਮੋਨਏ ਲ਼ੁਰਏ ਅਪਪਲਿਚਓਟਿੋਨ ਠਏਚਹਨੋਲੋਗੇ) ਉਤਪਾਦ ਕਰੈਮਿਟ ਪੀ ਬੀ ਡਬਲਯੂ ਨੂੰ 125 ਗ੍ਰਾਮ ਪ੍ਰਤੀ ਕਿਲਾ ਪ੍ਰਤੀ ਡੋਜ਼ ਨਰਮੇਂ ਦੀ ਫ਼ਸਲ ਤੇ ਪਹਿਲੀ ਵਾਰ ਫੁੱਲ-ਡੋਡੀ ਦੀ ਆਮਦ ਤੇ (ਬਿਜਾਈ ਤੋਂ 45-55 ਦਿਨ ਦੇ ਵਕਫ਼ੇ ਤੇ) ਇੱਕ ਕਿਲੇ ਵਿੱਚ 400 ਬੂਟਿਆਂ ਤੇ ਇਕਸਾਰ ਲਗਾਇਆ ਜਾਵੇ। ਰਸਾਇਣਕ ਰੋਕਥਾਮ ਲਈ 300 ਮਿਲੀਲਿਟਰ ਡੈਨੀਟੋਲ/ਮੀਓਥ੍ਰਿਨ 10 ਈ ਸੀ ਜਾਂ 100 ਗ੍ਰਾਮ ਪਰੋਕਲੇਮ 5 ਐਸ ਜੀ ਨੂੰ 100f ਲਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।ਹਰੇ ਤੇਲੇ ਦੀ ਰੋਕਥਾਮ ਲਈ 300 ਮਿਲੀ ਲਿਟਰ ਕੀਫਨ 15 ਈ ਸੀ ਜਾਂ 80 ਗ੍ਰਾਮ ਉਲਾਲਾ ਜੀ ਜਾਂ 60 ਗ੍ਰਾਮ ਓਸ਼ੀਨ 20 ਐਸ ਸੀ ਨੂੰ 100 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।. ਖੇਤਾਂ ਵਿੱਚ ਲੀਫ ਕਰਲ ਵਾਲੇ ਬੂਟੇ ਪੁੱਟ ਕੇ ਦਬਾਉਂਦੇ ਰਹੋ। ਚਿੱਟੀ ਮੱਖੀ ਦੇ ਇਕਨਾਮਿਕ ਥਰੈਸ਼ਹੋਲਡ ਲੈਵਲ (6 ਬਾਲਗ ਪ੍ਰਤੀ ਪੱਥਾ ਸਵੇਰੇ 10 ਵਜੇ ਤੋਂ ਪਿਜਲਾਂ) ਤੇ ਪਹੁੰਚਣ ਤੇ 400 ਮਿਲੀ ਲਿਟਰ ਸਫੀਨਾ ਜਾਂ 60 ਗ੍ਰਾਮ ਓਸ਼ੀਨ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ।

**ਮੱਕੀ :** ਜ਼ਿਆਦਾ ਦੇਰ ਤੱਕ ਪਾਣੀ ਖੜ੍ਹਾ ਮੱਕੀ ਦੀ ਫ਼ਸਲ ਸਹਾਰ ਨਹੀ ਸਕਦੀ। ਇਸ ਲਈ ਵਾਧੂ ਖੜ੍ਹਾ ਪਾਣੀ ਖੇਤ ਵਿਚੋਂ ਬਾਹਰ ਕੱਢ ਦਿਓ ਇਸ ਨਾਲ ਫਸਲ ਤੇ ਤਣਾ ਗਲਣ ਦਾ ਰੋਗ ਵੀ ਘੱਟ ਲੱਗਦਾ ਹੈ। ਮੱਕੀ ਵਿੱਚ ਫਾਲ ਆਰਮੀਵਰਮ ਦੀ ਰੋਕਥਾਮ ਲਈ 0.4 ਮਿਲੀ ਲਿਟਰ ਕੋਰਾਜਨ 18.5 ਐਸ ਸੀ ਜਾਂ 0.5 ਮਿਲੀ ਲਿਟਰ ਡੈਲੀਗੇਟ 11.7 ਮਿਲੀ ਲਿਟਰ ਐੱਸ ਸੀ ਜਾਂ 0.4 ਗ੍ਰਾਮ ਮਿਜਾਈਲ 5 ਐੱਸ ਜੀ ਪ੍ਰਤੀ ਲਿਟਰ ਪਾਣੀ ਚ ਘੋਲ ਕੇ ਛਿੜਕਾਅ ਕਰੋ ।ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ ॥ ਫਸਲ 40 ਦਿਨਾਂ ਤੋਂ ਵੱਡੀ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲਿਆਂ ਗੋਭਾਂ ਵਿੱਚ ਪਾਓ।

**ਕਮਾਦ :** ਆਗ ਦੇ ਗੜੂੰਏ ਦੀ ਰੋਕਥਾਮ ਲਈ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿੱਲੋ ਦਾਣੇਦਾਰ ਕਾਰਬੋਫੂਰਾਨ 3 ਜੀ ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀਂ ਮੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ ।

**ਬਾਸਮਤੀ :** ਬਾਸਮਤੀ ਦੀ ਕਿਸਮ ਸੀ ਐਸ ਆਰ 30 ਨੂੰ 18 ਕਿਲੋ ਯੂਰੀਆ ਪ੍ਰਤੀ ਏਕੜ ਪਾਉ ਅਤੇ ਪੰਜਾਬ ਬਾਸਮਤੀ 7 ਤੇ 5, ਪੂਸਾ ਬਾਸਮਤੀ 1121, 1718 ਨੂੰ 36 ਕਿਲੋ ਯੂਰੀਆ ਪ੍ਰਤੀ ਏਕੜ ਪਾਉ। ਪੂਸਾ ਬਾਸਮਤੀ 1847 ਤੇ 1509 ਨੂੰ 54 ਕਿਲੋ ਯੂਰੀਆ ਪਾਉਣੀ ਚਾਹੀਦੀ ਹੈ। ਯੂਰੀਆ ਖਾਦ ਨੂੰ 2 ਬਰਾਬਰ ਕਿਸ਼ਤਾਂ ਵਿੱਚ ਪਨੀਰੀ ਲਾਉਣ ਤੋਂ 3 ਹਫਤੇ ਅਤੇ 6 ਹਫਤੇ ਪਿਛੋਂ ਪਾਉ।

# ਬਾਗਬਾਨੀ

ਗਰਮੀ ਵਿੱਚ ਹੋਰ ਵਾਧਾ ਹੋਣ ਨਾਲ ਫ਼ਲਾਂ ਦਾ ਕੇਰਾ ਵਧ ਸਕਦਾ ਹੈ।ਅੰਬ, ਲੀਚੀ, ਨਾਸ਼ਪਾਤੀ, ਨਿੰਬੂ ਜਾਤੀ ਦੇ ਬਾਗਾਂ ਆਦਿ ਵਿੱਚ ਲਗਾਤਾਰ ਸਿੱਲ ਬਣਾਈ ਰੱਖੋ ਅਤੇ ਲਗਾਤਾਰ ਹਲਕੀਆਂ ਸਿੰਚਾਈਆਂ ਕਰਦੇ ਰਹੋ। ਫ਼ਲਦਾਰ ਬੂਟਿਆਂ ਦੇ ਮੁੱਢਾਂ ਨੂੰ ਤਿੱਖੀ ਧੁੱਪ ਤੋਂ ਬਚਾਉਣ ਲਈ ਕਲੀ ਦੇ ਘੋਲ ਦਾ ਲੇਪ ਕੀਤਾ ਜਾ ਸਕਦਾ ਹੈ ।ਛੋਟੇ ਫ਼ਲਦਾਰ ਬੂਟਿਆਂ ਨੂੰ ਤੇਜ ਗਰਮੀ ਤੋਂ ਬਚਾਉਣ ਲਈ ਪਰਾਲੀ ਜਾਂ ਖ਼ਜੂਰ ਦੇ ਪੱਤਿਆਂ ਨਾਲ ਛੌਰਾ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਨੂੰ ਲਗਾਤਾਰ ਹਲਕੇ ਪਾਣੀ ਦਿੰਦੇ ਰਿਹਣਾ ਚਾਹੀਦਾ ਹੈ।ਨਿੰਬੂ ਜਾਤੀ ਦੇ ਬੂਟਿਆਂ ਉਪਰ ਜ਼ਿੰਕ ਸਲਫ਼ੇਟ 4.7 ਗ੍ਰਾਮ ਅਤੇ ਮੈਂਗਨੀਜ਼ ਸਲਫ਼ੇਟ 3.3 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ।ਇਸ ਸਮੇ ਬੇਰੀਆਂ ਦੀ ਕਾਂਟ-ਛਾਂਟ ਸ਼ੁਰੂ ਕੀਤੀ ਜਾ ਸਕਦੀ ਹੈ ।

# ਸਬਜ਼ੀਆਂ

ਭਿੰਡੀ ਦੀ ਪੰਜਾਬ ਸੁਹਾਵਨੀ, ਪੰਜਾਬ ਲਾਲੀਮਾ ਅਤੇ ਲੋਬੀਏ ਦੀ ਕਾਉਪੀਅ-263 ਕਿਸਮਾਂ ਦੀ ਬੀਜਾਈ ਕੀਤੀ ਜਾ ਸਕਦੀ ਹੈ। ਕੱਦੂ ਜਾਤੀ ਦੀਆਂ ਸਬਜ਼ੀਆਂ ਵਿੱਚ ਘੀਆ ਕੱਦੂ, ਤੋਰੀ, ਕਰੇਲਾ ਅਤੇ ਟੀਂਡੇ ਦਾ 2 ਕਿਲੋ ਬੀਜ ਪ੍ਰਤੀ ਏਕੜ ਬੀਜੋ। ਹਲਵਾ ਕੱਦੂ ਅਤੇ ਵੰਗੇਦਾ ਬੀਜ 1 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਾਈ ਕਰੋ।ਫੁੱਲ ਗੋਭੀ ਦੀ ਅਗੇਤੀਆਂ ਕਿਸਮਾਂ ਦੀ ਪਨੀਰੀ ਦੀ ਲਵਾਈ ਮੁੱਖ ਖੇਤ ਵਿੱਚ ਕੀਤੀ ਜਾ ਸਕਦੀ ਹੈ।

# ਪਸ਼ੂ ਪਾਲਣ

ਪਸ਼ੂ ਢਾਰੇ ਆਲੇ ਦੁਆਲੇ ਨਾਲੋਂ ਉੱਚੀ ਜਗ੍ਹਾ ਤੇ ਬਨਾਉ ਤਾਂ ਜੋ ਪਾਣੀ ਦਾ ਸਹੀਂ ਨਕਾਸ ਹੋ ਸਕੇ।ਪਸ਼ੂ ਢਾਰਿਆਂ ਵਿੱਚ ਜ਼ਿਆਦਾ ਨਮੀ ਇਕੱਠੀ ਨਾ ਹੋਣ ਦਿਉ ਅਤੇ ਇਸਦੇ ਕੰਟਰੋਲ ਲਈ ਦਿਨ ਦੀ ਧੁੱਪ ਵੇਲੇ ਖਿੜਕੀਆਂ ਖੋਲ ਦਿਉ।ਸਾਫ ਹਵਾ ਦੇ ਵਗਣ ਨਾਲ ਨਮੀਂ ਬਾਹਰ ਜਾਵੇਗੀ ਅਤੇ ਪਸ਼ੂ ਨੂੰ ਸਾਂਹ ਦੀਆਂ ਬਿਮਾਰੀਆਂ ਵੀ ਘੱਟ ਹੋਣਗੀਆਂ।ਸ਼ੈਡ ਵਿਚ ਪੱਕੇ ਫਰਸ਼ ਦਾ ਪ੍ਰਬੰਧ ਜ਼ਰੂਰ ਕਰੋ ਤਾਂ ਜੋ ਮਲ ਮੂਤਰ ਦਾ ਠੀਕ ਤਰ੍ਹਾਂ ਨਿਕਾਸ ਹੋ ਸਕੇ ਅਤੇ ਫਰਸ਼ ਦੀ ਸਫਾਈ ਕਰਨੀ ਸੌਖੀ ਹੋਵੇ।ਕੱਚੇ ਫਰਸ਼ ਦੀ ਉਪਰਲੀ ਮਿੱਟੀ ਦੀ ਤਿਹ ਸਮੇਂ ਸਮੇਂ ਤੇ ਬਦਲੋ।ਹਵਾ ਨਾਲ ਬਦਬੂ ਤੇਵੀ ਕੰਟਰੋਲ ਰਿਹੰਦਾ ਹੈ ਅਤੇ ਫਰਸ਼ ਤੇ ਨਾਲੀਆਂ ਸੁੱਕੀਆਂ ਰਿਹੰਦੀਆਂ ਹਨ।

# ਅਗਸਤ ਮਹੀਨੇ ਦੇ ਸਿਖਲਾਈ-ਕੋਰਸ




**ਕੇ. ਵੀ. ਕੇ. ਅੰਮ੍ਰਿਤਸਰ (98723-54170)**

ਅਗਸਤ 06-07: ਖੂਨ ਦੀ ਘਾਟ ਦੀ ਪੂਰਤੀ ਲਈ ਲੋਹ-ਤੱਤ ਭਰਪੂਰ ਪਕਵਾਨ ਬਣਾਉਣਾ
ਅਗਸਤ 08:ਸਬਜ਼ੀਆਂ ਅਤੇ ਫੁੱਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ
ਅਗਸਤ 14: ਸੰਗਠਿਤ ਘਰ ਬਗੀਚੀ ਰਾਹੀਂ ਪੋਸ਼ਣ ਸੁਰੱਖਿਅਤਾ
ਅਗਸਤ 19-28: ਬੱਕਰੀ ਪਾਲਣ
ਅਗਸਤ 20-29:ਸਾਫ-ਸਫਾਈ ਲਈ ਵਾਤਾਵਰਣ ਸਹਾਈ ਪਦਾਰਥ ਤਿਆਰ ਕਰਨਾ

## ਚੰਗੀ ਖੇਤੀ ਦੇ ਜੁਲਾਈ ਅੰਕ ਵਿੱਚ ਪੜ੍ਹੋ:

ਝੋਨੇ ਅਤੇ ਬਾਸਮਤੀ ਤੋਂ ਵਧੇਰੇ ਝਾੜ ਲਈ ਸੁਚੱਜਾ ਕੀਟ ਪ੍ਰਬੰਧਨ ਅਪਣਾਓ
ਜੈਵਿਕ ਬਾਸਮਤੀ ਦੀ ਪੌਦ ਸੁਰੱਖਿਆ ਲਈ ਅਹਿਮ ਨੁਕਤੇ
ਸਬਜ਼ੀਆਂ ਦੀ ਸੁਰੱਖਿਅਤ ਖੇਤੀ ਵਿੱਚ ਜੜ੍ਹ ਗੰਢ ਰੋਗ ਦੀ ਰੋਕਥਾਮ
ਸਾਉਣੀ ਦੀ ਮੱਕੀ ਨੂੰ ਬਿਮਾਰੀਆਂ ਤੋਂ ਬਚਾਉਣ ਦੇ ਨੁਕਤੇ
ਨਰਮੇ ਦੇ ਰਸ ਚੂਸਣ ਵਾਲੇ ਕੀੜਿਆਂ ਦੀ ਸਰਵਪੱਖੀ ਰੋਕਥਾਮ
ਕਮਾਦ ਦੀਆਂ ਮੁੱਖ ਬਿਮਾਰੀਆਂ ਅਤੇ ਉਹਨਾਂ ਦੀ ਰੋਕਥਾਮ
ਬਰਸਾਤ ਵਿੱਚ ਨਿੰਬੂ ਜਾਤੀ ਦੇ ਬੂਟਿਆਂ ਦੀਆਂ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ
ਫ਼ਸਲਾਂ ਵਿੱਚ ਮੱਛੀ ਦੇ ਤਲਾਅ ਦੀ ਗਾਰ ਦੀ ਵਰਤੋਂ
ਝੰਡਾ ਰੋਗ ਦੀ ਰੋਕਥਾਮ ਲਈ ਬਾਸਮਤੀ ਦੇ ਬੀਜ ਅਤੇ ਪਨੀਰੀ ਦੀ ਟ੍ਰਾਈਕੋਡਰਮਾ.
ਬਰਸਾਤ ਰੁੱਤ ਦੇ ਅਮਰੂਦਾਂ ਨੂੰ ਫ਼ਲ ਦੀ ਮੱਖੀ ਤੋਂ ਬਚਾਓ
ਬਰਸਾਤਾਂ ਦੌਰਾਨ ਫ਼ਲਦਾਰ ਬੂਟਿਆਂ ਦੀਆਂ ਬਿਮਾਰੀਆਂ ਦੀ ਰੋਕਥਾਮ
ਪੀ.ਏ.ਯੂ. ਵੱਲੋਂ ਸਿਫ਼ਾਰਿਸ਼ ਨਿੰਮ ਦੇ ਘੋਲ ਨਾਲ ਸਾਉਣੀ ਦੀਆਂ ਫ਼ਸਲਾਂ ਦੇ ...
ਬਾਗਾਂ ਵਿੱਚ ਅੰਤਰ-ਫ਼ਸਲਾਂ ਦੀ ਕਾਸ਼ਤ ਸੰਬੰਧੀ ਜ਼ਰੂਰੀ ਨੁਕਤੇ
ਸਦਾਬਹਾਰ ਫ਼ਲਦਾਰ ਬੂਟੇ ਲਾਉਣ ਅਤੇ ਸਾਂਭ ਸੰਭਾਲ ਲਈ ਸੁਝਾਅ
ਸਾਉਣੀ ਦੀਆਂ ਫਸਲਾਂ ਵਿੱਚ ਸੂਖਮ ਤੱਤਾਂ ਦੀ ਘਾਟ ਅਤੇ ਪੂਰਤੀ
ਕੱਚੇ ਪਪੀਤੇ ਤੋਂ ਸੁਆਦਲੇ ਪਕਵਾਨ
ਕੰਢੀ ਖੇਤਰ ਵਿੱਚ ਖੇਤੀ ਲਈ ਜ਼ਰੂਰੀ ਹੈ ਭੂਮੀ ਅਤੇ ਪਾਣੀ ਦੀ ਸੰਭਾਲ
ਲਾਹੇਵੰਦ ਹੈ ਤਿਲ਼ਾਂ ਦੀ ਕਾਸ਼ਤ
ਬਰਸਾਤਾਂ ਦੇ ਦਿਨਾਂ ਵਿੱਚ ਰੱਖੋ ਪਸ਼ੂਆਂ ਦਾ ਖਾਸ ਧਿਆਨ
ਕਿਸਾਨੀ ਤੋਂ ਖੇਤੀ ਉਦਯੋਗ ਵੱਲ ਪਰਤਿਆ ਕਿਸਾਨ
ਜਾਮਣ ਦੀਆਂ ਨਵੀਆਂ ਕਿਸਮਾਂ ਤੇ ਉਸ ਦੀ ਕਾਸ਼ਤ ਲਈ ਸਿਫਾਰਸ਼ਾਂ
ਵਰਖਾ ਰੁੱਤ ਲਈ ਸ਼ਹਿਦ ਮੱਖੀ ਕਟੁੰਬਾਂ ਦੀ ਤਿਆਰੀ ਅਤੇ ਸੰਭਾਲ
ਅਗਸਤ ਮਹੀਨੇ ਦੇ ਖੇਤੀ ਰੁਝੇਵੇਂ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਅਗਸਤ 2024 ਦੇ ਸਿਖਲਾਈਨਾਮੇ




**ਸਲਾਨਾ ਚੰਦਾ 200/-**
ਚੰਗੀ ਖੇਤੀ ਮਾਸਿਕ ਰਸਾਲੇ ਦੇ ਮੈਂਬਰ ਬਣਨ ਲਈ ਸੰਪਰਕ ਕਰੋ: ਬਿਜ਼ਨੈਸ ਮੈਨੇਜਰ, ਸੰਚਾਰ ਕੇਂਦਰ ਮੋ: 98884-37011, 0161-2401960 (475)


ਛਾਪਕ : ਡਾ. ਤੇਜਿੰਦਰ ਸਿੰਘ ਰਿਆੜ, ਅਪਰ ਨਿਰਦੇਸ਼ਕ ਸੰਚਾਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ


ਇਸ ਖੇਤੀ ਸੰਦੇਸ਼ ਵਿੱਚ ਛਪੇ ਲੇਖਾਂ ਦਾ ਕਾਪੀ ਰਾਈਟ ਸੁਰੱਖਿਅਤ ਹੈ।
ਪ੍ਰਕਾਸ਼ਕ/ਸੰਪਾਦਕ ਦੀ ਪ੍ਰਵਾਨਗੀ ਬਿਨਾਂ ਪ੍ਰਕਾਸ਼ਤ ਕਰਨ ਦੀ ਆਗਿਆ ਨਹੀਂ ਹੈ।

ਡਿਜ਼ਾਇਨ : ਸੰਦੀਪ ਕੌਰ
ਜਤਿੰਦਰ ਕੌਰ

# PAU Extends Support Across All Social Media Platforms

Click down





**2401960-79 (Ext. 373,475)**

Join hands with PAU through social media and empower your agricultural journey!